ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com
DAILY CHARHDIKALA, NEW DELHI
Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 154 ਨਵੀਂ ਦਿੱਲੀ, ਸ਼ੁੱਕਰਵਾਰ 5 ਜੂਨ, 2026, Friday 5 June, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਪ੍ਰਧਾਨ ਮੰਤਰੀ ਮੋਦੀ ਵੱਲੋਂ ਸੂਰਤ ਅਤੇ ਦਮਨ ਦਾ ਦੌਰਾ ਅੱਜ

ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਸੂਰਤ ਅਤੇ ਦਮਨ ਦਾ ਦੌਰਾ ਕਰਨਗੇ। ਉਹ ਸੂਰਤ ਵਿਚ ਲਗਭਗ 18,800 ਕਰੋੜ ਰੁਪਏ ਅਤੇ ਦਮਨ ਵਿਚ 2,970 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ, ਰਾਸ਼ਟਰ ਨੂੰ ਸਮਰਪਿਤ ਅਤੇ ਨੀਂਹ ਪੱਥਰ ਰੱਖਣਗੇ। ਪ੍ਰੋਜੈਕਟਾਂ ਵਿਚੋਂ ਉਹ ਦਮਨ ਵਿਚ ਨਮੋ ਹਵਾਈ ਅੱਡੇ ਦੀ ਨਵੀਂ ਟਰਮੀਨਲ ਇਮਾਰਤ ਰਾਸ਼ਟਰ ਨੂੰ ਸਮਰਪਿਤ ਕਰਨਗੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਲਕਸ਼ਦੀਪ ਲਈ 885 ਕਰੋੜ ਰੁਪਏ ਦੇ ਬੰਦਰਗਾਹ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਗੇ

## ਸ਼੍ਰੀਲੰਕਾ 'ਚ ਬਿਰਧ ਆਸ਼ਰਮ ਵਿੱਚ ਅੱਗ ਲੱਗਣ ਨਾਲ 11 ਮੌਤਾਂ

ਕੋਲੰਬੋ, 4 ਜੂਨ (ਪ੍ਰਤੀਨਿਧੀ) : ਸ੍ਰੀਲੰਕਾ ਦੇ ਇੱਕ ਬਿਰਧ ਆਸ਼ਰਮ ਵਿੱਚ ਅੱਗ ਲੱਗਣ ਨਾਲ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਬਜ਼ੁਰਗ ਅੱਗ ਨਾਲ ਝੁਲਸੇ ਗਏ। ਪੁਲਿਸ ਨੇ ਕਿਹਾ ਕਿ ਕਾਲੂਤਾਰਾ ਜ਼ਿਲ੍ਹੇ ਦੇ ਅੰਗੂਰੂਵਾਟੋਟਾ ਵਿੱਚ ਮਾਵਪੀਆ ਸੇਵਾਨਾ ਬਿਰਧ ਆਸ਼ਰਮ ਵਿੱਚ ਬੁੱਧਵਾਰ ਸ਼ਾਮ ਲਗਭਗ 5:30 ਵਜੇ ਅੱਗ ਲੱਗ ਗਈ। ਇਹ ਸਥਾਨ ਕੋਲੰਬੋ ਤੋਂ ਲਗਭਗ 65 ਕਿਲੋਮੀਟਰ ਦੱਖਣ-ਪੂਰਬ ਵਿੱਚ ਹੈ। ਪੁਲਿਸ ਨੇ ਕਿਹਾ ਕਿ 10 ਲੋਕ ਇਮਾਰਤ ਵਿੱਚ ਮ੍ਰਿਤਕ ਪਾਏ ਗਏ, ਜਦੋਂ ਕਿ ਇੱਕ ਹੋਰ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ।

# ਮੌਸਮ ਵਿਭਾਗ ਵੱਲੋਂ ਅਗਲੇ 5 ਦਿਨਾਂ ਦੌਰਾਨ 25 ਸੂਬਿਆਂ 'ਚ ਭਾਰੀ ਮੀਂਹ ਦਾ ਅਲਰਟ ਜਾਰੀ



ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਦੇਸ਼ ਵਿੱਚ ਮਾਨਸੂਨ ਦੀ ਉਡੀਕ ਆਖਰਕਾਰ ਹੁਣ ਕੁਝ ਘੰਟਿਆਂ ਵਿਚ ਖ਼ਤਮ ਹੋਣ ਵਾਲੀ ਹੈ। ਦੱਖਣ-ਪੱਛਮੀ ਮਾਨਸੂਨ ਆਪਣੇ ਨਿਰਧਾਰਤ ਸਮੇਂ ਤੋਂ ਲਗਭਗ ਨੌਂ ਦਿਨਾਂ ਦੀ ਦੇਰੀ ਨਾਲ ਅੱਜ ਯਾਨੀ 4 ਜੂਨ ਨੂੰ ਕੇਰਲ ਵਿੱਚ ਦਾਖਲ ਹੋਣ ਵਾਲਾ ਹੈ। ਮੌਸਮ ਵਿਭਾਗ ਦੇ ਅਨੁਸਾਰ, ਮਾਨਸੂਨ ਦੇ ਦਸਤਕ ਦਿੰਦੇ ਹੀ ਅਗਲੇ 10 ਘੰਟਿਆਂ ਦੇ ਅੰਦਰ ਕੇਰਲ, ਕਰਨਾਟਕ ਅਤੇ ਤਾਮਿਲਨਾਡੂ ਦੇ ਤੱਟਵਰਤੀ ਇਲਾਕਿਆਂ ਵਿੱਚ ਤੇਜ਼ ਹਵਾਵਾਂ ਦੇ ਨਾਲ ਭਾਰੀ ਬਾਰਿਸ਼ ਸ਼ੁਰੂ ਹੋ ਜਾਵੇਗੀ। ਇਨ੍ਹਾਂ ਰਾਜਾਂ ਲਈ ਅਗਲੇ ਪੰਜ ਦਿਨਾਂ ਲਈ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ, ਉੱਤਰ-ਪੱਛਮੀ ਅਤੇ ਮੱਧ ਭਾਰਤ ਦੇ ਕੁਝ ਹਿੱਸਿਆਂ ਵਿੱਚ ਪ੍ਰੀ-ਮਾਨਸੂਨ ਗਤੀਵਿਧੀਆਂ ਕਾਫ਼ੀ ਤੇਜ਼ ਹੋ ਗਈਆਂ ਹਨ। ਇਸ ਦੇ ਪ੍ਰਭਾਵ ਕਾਰਨ ਆਉਣ ਵਾਲੇ ਦਿਨਾਂ ਵਿੱਚ ਦਿੱਲੀ, ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਸਮੇਤ ਦੇਸ਼ ਦੇ 25 ਰਾਜਾਂ ਵਿੱਚ ਤੂਫ਼ਾਨ, ਬਿਜਲੀ ਡਿੱਗਣ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ। ਪਹਾੜੀ ਰਾਜਾਂ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਰਾਜਸਥਾਨ ਵਿੱਚ ਭਾਰੀ ਮੀਂਹ ਅਤੇ ਗੜੇਮਾਰੀ ਦੀ ਸੰਭਾਵਨਾ ਹੈ। ਅਗਲੇ 4 ਦਿਨਾਂ ਤੱਕ ਓਡੀਸ਼ਾ ਵਿੱਚ ਗਰਜ ਅਤੇ ਬਿਜਲੀ ਦੇ ਨਾਲ ਲਗਾਤਾਰ ਮੀਂਹ ਪੈਣ ਦੀ ਸੰਭਾਵਨਾ ਹੈ। ਕੇਰਲ ਵਿੱਚ ਮਾਨਸੂਨ ਦੇ ਆਉਣ ਅਤੇ ਸਥਾਨਕ ਪ੍ਰੀ-ਮਾਨਸੂਨ ਸਿਸਟਮ ਕਾਰਨ ਰਾਜਧਾਨੀ ਦਿੱਲੀ ਲਈ ਦੋ ਦਿਨਾਂ ਲਈ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਦਿੱਲੀ ਵਿੱਚ ਅਗਲੇ 48 ਘੰਟਿਆਂ ਤੱਕ ਅੰਸ਼ਕ ਤੌਰ 'ਤੇ ਬੱਦਲਵਾਈ ਰਹੇਗੀ। ਸਵੇਰੇ ਅਤੇ ਸ਼ਾਮ ਨੂੰ ਗਰਜ-ਚਮਕ ਦੇ ਨਾਲ-ਨਾਲ ਹਲਕੀ ਬਾਰਿਸ਼ ਜਾਂ ਬੂੰਦਾਬਾਂਦੀ ਦੀ ਸੰਭਾਵਨਾ ਹੈ। ਇਸ ਦੌਰਾਨ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣਗੀਆਂ। ਦੁਪਹਿਰ ਵੇਲੇ ਹਵਾਵਾਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦੀਆਂ ਹਨ। ਹਾਲਾਂਕਿ, ਮੌਸਮ ਸਾਫ਼ ਹੋਣ 'ਤੇ ਦੋ ਦਿਨਾਂ ਬਾਅਦ ਗਰਮੀ ਫਿਰ ਵਧੇਗੀ।

5 ਜੂਨ (ਸ਼ੁੱਕਰਵਾਰ) ਨੂੰ ਰਾਜਸਥਾਨ, ਗੁਜਰਾਤ, ਪੱਛਮੀ ਮੱਧ ਪ੍ਰਦੇਸ਼, ਓਡੀਸ਼ਾ ਅਤੇ ਆਂਧਰਾ ਪ੍ਰਦੇਸ਼ ਦੇ ਤੱਟਵਰਤੀ ਇਲਾਕਿਆਂ ਵਿਚ ਹਨ੍ਹੇਰੀ-ਤੂਫਾਨ ਦੇ ਨਾਲ-ਨਾਲ ਮੀਂਹ ਦਾ 'ਆਰੇਂਜ ਅਲਰਟ' ਜਾਰੀ ਕੀਤਾ ਗਿਆ ਹੈ। ਅੰਡੇਮਾਨ-ਨਿਕੋਬਾਰ, ਲਕਸ਼ਦੀਪ ਅਤੇ ਕੇਰਲ ਵਿੱਚ ਭਾਰੀ ਬਾਰਿਸ਼ ਹੋਵੇਗੀ, ਜਦੋਂ ਕਿ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਗੜੇਮਾਰੀ ਹੋ ਸਕਦੀ ਹੈ। 6 ਜੂਨ (ਸ਼ਨੀਵਾਰ) ਨੂੰ ਪੰਜਾਬ, ਹਰਿਆਣਾ, ਦਿੱਲੀ, ਚੰਡੀਗੜ੍ਹ ਅਤੇ ਉੱਤਰ ਪ੍ਰਦੇਸ਼ ਵਿੱਚ 40-50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਧੂੜ ਭਰੀਆਂ ਹਨੇਰੀਆਂ ਆਉਣਗੀਆਂ।

# ਦਿੱਲੀ ਸਰਕਾਰ ਵੱਲੋਂ ਅਗਨੀਕਾਂਡ ਦੇ ਪੀੜਤਾਂ ਲਈ ਮੁਆਵਜ਼ੇ ਦਾ ਐਲਾਨ

## ਮ੍ਰਿਤਕਾਂ ਦੇ ਵਾਰਿਸਾਂ ਨੂੰ 10-10 ਲੱਖ ਅਤੇ ਜ਼ਖ਼ਮੀਆਂ ਨੂੰ 5-5 ਲੱਖ ਰੁਪਏ ਦਿੱਤੇ ਜਾਣਗੇ

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ): ਦਿੱਲੀ ਸਰਕਾਰ ਨੇ ਵੀਰਵਾਰ ਨੂੰ ਮਾਲਵੀਆ ਨਗਰ ਅੱਗ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ 10 ਲੱਖ ਅਤੇ ਗੰਭੀਰ ਜ਼ਖਮੀਆਂ ਨੂੰ 5 ਲੱਖ ਦੀ ਐਕਸਗ੍ਰੇਸ਼ੀਆ ਦਾ ਐਲਾਨ ਕੀਤਾ। ਮੁੱਖ ਮੰਤਰੀ ਦਫ਼ਤਰ ਨੇ ਇਹ ਜਾਣਕਾਰੀ ਦਿੱਤੀ।

ਮੁੱਖ ਮੰਤਰੀ ਦਫ਼ਤਰ ਨੇ ਐਕਸ 'ਤੇ ਦੱਸਿਆ ਕਿ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀਰਵਾਰ ਨੂੰ ਸਾਕੇਤ ਦੇ ਮੈਕਸ ਹਸਪਤਾਲ ਦਾ ਦੌਰਾ ਕਰਕੇ ਅੱਗ ਵਿੱਚ ਜ਼ਖਮੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਸਿਹਤ ਸਬੰਧੀ ਜਾਣਕਾਰੀ ਹਾਸਲ ਕੀਤੀ। ਗੁਪਤਾ ਨੇ ਹਸਪਤਾਲ ਵਿੱਚ ਜ਼ਖਮੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲ ਕੀਤੀ ਅਤੇ ਅਧਿਕਾਰੀਆਂ ਨੂੰ ਜ਼ਖਮੀਆਂ ਨੂੰ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਪੋਸਟ ਦੇ ਅਨੁਸਾਰ ਜ਼ਖਮੀਆਂ ਦੇ ਇਲਾਜ ਦਾ ਖਰਚਾ ਹਸਪਤਾਲ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਚੁੱਕਿਆ ਜਾਵੇਗਾ ਤਾਂ ਜੋ ਹਰੇਕ ਮਰੀਜ਼ ਨੂੰ ਸਭ ਤੋਂ ਵਧੀਆ ਸੰਭਵ ਦੇਖਭਾਲ ਮਿਲ ਸਕੇ।

ਸੀ.ਐਮ.ਓ. ਨੇ ਕਿਹਾ ਕਿ ਦਿੱਲੀ ਸਰਕਾਰ ਨੇ ਹਰੇਕ ਮ੍ਰਿਤਕ ਦੇ ਰਿਸ਼ਤੇਦਾਰਾਂ ਨੂੰ 10 ਲੱਖ ਰੁਪਏ ਅਤੇ ਗੰਭੀਰ ਜ਼ਖਮੀਆਂ ਨੂੰ 5 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਜੱਦੀ ਸਥਾਨਾਂ 'ਤੇ ਪਹੁੰਚਾਉਣ ਲਈ ਜ਼ਰੂਰੀ ਪ੍ਰਬੰਧ ਕੀਤੇ ਜਾ ਰਹੇ ਹਨ। ਪੋਸਟ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਸਰਕਾਰ ਇਸ ਮੁਸ਼ਕਲ ਸਮੇਂ ਦੌਰਾਨ ਹਰੇਕ ਪ੍ਰਭਾਵਿਤ ਪਰਿਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।


## ਮੁੱਖ ਮੰਤਰੀ ਰੇਖਾ ਗੁਪਤਾ ਵੱਲੋਂ ਅੱਗ ਹਾਦਸੇ ਦੇ ਪੀੜਤਾਂ ਨਾਲ ਮੁਲਾਕਾਤ




## ਆਸਾਰਾਮ ਨੂੰ ਹਾਈ ਕੋਰਟ ਤੋਂ ਰਾਹਤ, ਡਾਕਟਰੀ ਸਹੂਲਤਾਂ ਦੇਣ ਦੇ ਹੁਕਮ

ਜੈਪੁਰ, 4 ਜੂਨ (ਪ੍ਰਤੀਨਿਧੀ) : ਬਲਾਤਕਾਰ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਆਸਾਰਾਮ ਨੂੰ ਹਾਈ ਕੋਰਟ ਤੋਂ ਅਹਿਮ ਰਾਹਤ ਮਿਲੀ ਹੈ। ਅਦਾਲਤ ਨੇ ਜੇਲ੍ਹ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਹਨ ਕਿ ਆਸਾਰਾਮ ਨੂੰ ਲੋੜੀਂਦੀਆਂ ਡਾਕਟਰੀ ਸਹੂਲਤਾਂ ਅਤੇ ਇਲਾਜ ਮੁਹੱਈਆ ਕਰਵਾਇਆ ਜਾਵੇ। ਹਾਈ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਕਿ ਹਰ ਕੈਦੀ ਨੂੰ ਸੰਵਿਧਾਨ ਅਧੀਨ ਸਿਹਤ ਸੰਬੰਧੀ ਬੁਨਿਆਦੀ ਅਧਿਕਾਰ ਪ੍ਰਾਪਤ ਹਨ। ਇਸ ਲਈ ਜੇਕਰ ਕਿਸੇ ਕੈਦੀ ਦੀ ਸਿਹਤ ਸੰਬੰਧੀ ਖਾਸ ਲੋੜ ਹੈ, ਤਾਂ ਉਸ ਨੂੰ ਉਚਿਤ ਇਲਾਜ ਅਤੇ ਮੈਡੀਕਲ ਦੇਖਭਾਲ ਦਿੱਤੀ ਜਾਣੀ ਚਾਹੀਦੀ ਹੈ। ਆਸਾਰਾਮ ਦੇ ਵਕੀਲਾਂ ਵੱਲੋਂ ਅਦਾਲਤ ਵਿੱਚ ਦਲੀਲ ਦਿੱਤੀ ਗਈ ਸੀ ਕਿ ਉਨ੍ਹਾਂ ਦੀ ਉਮਰ ਅਤੇ ਸਿਹਤ ਨੂੰ ਦੇਖਦੇ ਹੋਏ ਵਿਸ਼ੇਸ਼ ਮੈਡੀਕਲ ਸਹੂਲਤਾਂ ਦੀ ਲੋੜ ਹੈ। ਇਸ ਉੱਤੇ ਵਿਚਾਰ ਕਰਨ ਤੋਂ ਬਾਅਦ ਅਦਾਲਤ ਨੇ ਸੰਬੰਧਿਤ ਅਧਿਕਾਰੀਆਂ ਨੂੰ ਜ਼ਰੂਰੀ ਕਦਮ ਚੁੱਕਣ ਦੇ ਹੁਕਮ ਜਾਰੀ ਕੀਤੇ।

# ਮਾਲਵੀਆ ਨਗਰ ਘਟਨਾ ਤੋਂ ਬਾਅਦ ਦਿੱਲੀ ਸਰਕਾਰ ਬੀ ਐਂਡ ਬੀ ਨੀਤੀ ਵਾਪਸ ਲਵੇਗੀ: ਸੈਰ-ਸਪਾਟਾ ਮੰਤਰੀ



ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਦਿੱਲੀ ਦੇ ਦੱਖਣੀ ਦਿੱਲੀ ਦੇ ਮਾਲਵੀਆ ਨਗਰ ਇਲਾਕੇ ਵਿੱਚ ਇੱਕ ਹੋਟਲ ਵਿੱਚ ਲੱਗੀ ਭਿਆਨਕ ਅੱਗ ਤੋਂ ਬਾਅਦ ਦਿੱਲੀ ਸਰਕਾਰ ਨੇ ਆਪਣੀ ਬੈੱਡ ਐਂਡ ਬ੍ਰੇਕਫਾਸਟ (ਬੀ ਐਂਡ ਬੀ) ਨੀਤੀ ਨੂੰ ਅਧਿਕਾਰਤ ਤੌਰ 'ਤੇ ਵਾਪਸ ਲੈਣ ਅਤੇ ਇਸ ਯੋਜਨਾ ਤਹਿਤ ਚੱਲ ਰਹੀਆਂ ਸਾਰੀਆਂ ਸੰਸਥਾਵਾਂ ਦੀ ਸਮੀਖਿਆ ਕਰਨ ਦਾ ਫੈਸਲਾ ਕੀਤਾ ਹੈ। ਸੈਰ-ਸਪਾਟਾ ਮੰਤਰੀ ਕਪਿਲ ਮਿਸ਼ਰਾ ਨੇ ਇਹ ਜਾਣਕਾਰੀ ਦਿੱਤੀ। ਮਿਸ਼ਰਾ ਨੇ ਦੱਸਿਆ, "ਅਸੀਂ ਬੈੱਡ ਐਂਡ ਬ੍ਰੇਕਫਾਸਟ ਯੋਜਨਾ ਨੂੰ ਅਧਿਕਾਰਤ ਤੌਰ 'ਤੇ ਵਾਪਸ ਲੈਣ ਜਾ ਰਹੇ ਹਾਂ, ਅਤੇ ਇਸ ਤਹਿਤ ਲਾਇਸੰਸਸ਼ੁਦਾ ਸਾਰੀਆਂ ਸੰਸਥਾਵਾਂ ਦੀ ਜਾਂਚ ਕੀਤੀ ਜਾਵੇਗੀ।"

ਮੰਤਰੀ ਨੇ ਕਿਹਾ, 'ਜਿਹੜੇ ਸੰਚਾਲਕ ਲਾਇਸੰਸ ਦੀਆਂ ਸ਼ਰਤਾਂ ਦੀ ਉਲੰਘਣਾ ਕਰਦੇ ਪਾਏ ਜਾਣਗੇ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਜੇ ਇਸ ਯੋਜਨਾ ਤਹਿਤ ਰਜਿਸਟਰਡ ਕੋਈ ਵੀ ਸੰਸਥਾ ਛੇ ਕਮਰਿਆਂ ਤੋਂ ਵੱਧ ਚੱਲਦੀ ਪਾਈ ਗਈ, ਤਾਂ ਉਸਦਾ ਲਾਇਸੰਸ ਰੱਦ ਕਰ ਦਿੱਤਾ ਜਾਵੇਗਾ।' ਇਹ ਕਦਮ ਬੁੱਧਵਾਰ ਸਵੇਰੇ 'ਫਲੋਰਿਸ਼ ਸਟੇਅ ਬੀ ਐਂਡ ਬੀ' ਵਿੱਚ ਲੱਗੀ ਭਿਆਨਕ ਅੱਗ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ ਵਿੱਚ 11 ਵਿਦੇਸ਼ੀ ਨਾਗਰਿਕਾਂ ਸਮੇਤ 21 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਮਿਸ਼ਰਾ ਦੇ ਅਨੁਸਾਰ, 'ਫਲੋਰਿਸ਼ ਸਟੇਅ' ਨੂੰ 2024 ਵਿੱਚ ਛੇ ਕਮਰਿਆਂ ਲਈ ਸਿਲਵਰ ਸ਼੍ਰੇਣੀ ਵਿੱਚ ਬੀ ਐਂਡ ਬੀ ਯੋਜਨਾ ਤਹਿਤ ਲਾਇਸੰਸ ਦਿੱਤਾ ਗਿਆ ਸੀ, ਜਿਸ ਦੀ ਵੈਧਤਾ 2027 ਤੱਕ ਸੀ।

ਹਾਲਾਂਕਿ, ਜਾਂਚਕਰਤਾਵਾਂ ਨੇ ਕਿਹਾ ਕਿ ਹੋਟਲ ਕਥਿਤ ਤੌਰ 'ਤੇ ਆਪਣੀ ਮਨਜ਼ੂਰਸ਼ੁਦਾ ਸਮਰੱਥਾ ਤੋਂ ਲਗਭਗ ਚਾਰ ਗੁਣਾ ਜ਼ਿਆਦਾ ਚੱਲ ਰਿਹਾ ਸੀ ਅਤੇ ਇਸ ਕੋਲ ਲਾਜ਼ਮੀ ਫਾਇਰ ਸੇਫਟੀ ਕਲੀਅਰੈਂਸ (ਅੱਗ ਸੁਰੱਖਿਆ ਪ੍ਰਵਾਨਗੀ) ਨਹੀਂ ਸੀ। ਪੁਲਿਸ ਸੂਤਰਾਂ ਨੇ ਦੱਸਿਆ ਕਿ ਇਹ ਕਥਿਤ ਤੌਰ 'ਤੇ ਲਗਭਗ 25 ਕਮਰੇ ਚਲਾ ਰਿਹਾ ਸੀ, ਜਿਨ੍ਹਾਂ ਵਿੱਚੋਂ ਕੁਝ ਬੇਸਮੈਂਟ ਵਿੱਚ ਸਨ। ਸੈਰ-ਸਪਾਟਾ ਵਿਭਾਗ ਦੀ ਭੂਮਿਕਾ ਬਾਰੇ ਦੱਸਦਿਆਂ ਮਿਸ਼ਰਾ ਨੇ ਕਿਹਾ ਕਿ ਇਸਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਲਾਇਸੰਸ ਦੇਣ ਅਤੇ ਨਵੀਨੀਕਰਨ ਕਰਨ ਅਤੇ ਨਿਰੀਖਣ ਦੌਰਾਨ ਪਾਲਣਾ ਦੀ ਪੁਸ਼ਟੀ ਕਰਨ ਤੱਕ ਸੀਮਤ ਹੈ।

ਉਨ੍ਹਾਂ ਕਿਹਾ, 'ਮਾਲਕਾਂ ਨੂੰ ਹਰ 15 ਦਿਨਾਂ ਵਿੱਚ ਸਥਾਨਕ ਪੁਲਿਸ ਸਟੇਸ਼ਨ ਨੂੰ ਮਹਿਮਾਨਾਂ ਦੇ ਰਿਕਾਰਡ ਜਮ੍ਹਾਂ ਕਰਾਉਣ ਦੀ ਲੋੜ ਹੁੰਦੀ ਹੈ। ਸੈਰ-ਸਪਾਟਾ ਵਿਭਾਗ ਦੀ ਇਨ੍ਹਾਂ ਸੰਸਥਾਵਾਂ ਦੇ ਰੋਜ਼ਾਨਾ ਦੇ ਕੰਮਕਾਜ ਵਿੱਚ ਕੋਈ ਭੂਮਿਕਾ ਨਹੀਂ ਹੈ।"

ਇਹ ਨੀਤੀ ਵਾਪਸ ਲੈਣ ਦਾ ਫੈਸਲਾ ਇਸ ਤੱਥ ਦੇ ਬਾਵਜੂਦ ਲਿਆ ਗਿਆ ਹੈ ਕਿ ਸੈਰ-ਸਪਾਟਾ ਵਿਭਾਗ ਨੇ ਹਾਲ ਹੀ ਵਿੱਚ ਯੋਜਨਾ ਦੇ ਸੁਧਾਰ ਦਾ ਪ੍ਰਸਤਾਵ ਦਿੱਤਾ ਸੀ।

## 26 ਸਾਲਾ ਸ਼ਖ਼ਸ ਦਾ ਚਾਕੂ ਮਾਰ ਕੇ ਕਤਲ, ਦੋਸਤ ਹੀ ਨਿਕਲਿਆ ਕਾਤਲ

ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ): ਉੱਤਰ-ਪੂਰਬੀ ਦਿੱਲੀ ਪੁਲਿਸ ਨੇ 26 ਸਾਲਾ ਇਕ ਸ਼ਖ਼ਸ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਅਨੁਸਾਰ, ਮੁਲਜ਼ਮ ਦੀ ਪੀੜਤ ਨਾਲ ਪਹਿਲਾਂ ਦੋਸਤੀ ਸੀ ਪਰ ਬਾਅਦ 'ਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਪੁਲਿਸ ਨੇ ਦੱਸਿਆ ਕਿ ਇਕ ਮੰਗਲਵਾਰ ਤੜਕੇ ਨਿਊ ਉਸਮਾਨਪੁਰ ਥਾਣਾ ਖੇਤਰ ਦੇ ਗੌਤਮਪੁਰੀ 'ਚ ਇਕ ਵਿਅਕਤੀ ਦੀ ਲਾਸ਼ ਪਈ ਹੋਣ ਦੀ ਸੂਚਨਾ ਮਿਲੀ। ਜਿਸ ਤੋਂ ਬਾਅਦ ਪੁਲਿਸ ਦੀ ਇਕ ਟੀਮ ਮੌਕੇ 'ਤੇ ਪਹੁੰਚੀ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੀੜਤ ਦੀ ਪਛਾਣ 26 ਸਾਲਾ ਲਲਿਤ ਵਜੋਂ ਹੋਈ ਹੈ ਜੋ ਕੋਲ ਦੇ ਹੀ ਬ੍ਰਹਮਪੁਰੀ ਇਲਾਕੇ ਦਾ ਰਹਿਣ ਵਾਲਾ ਸੀ ਅਤੇ ਲਾਸ਼ 'ਤੇ ਚਾਕੂ ਨਾਲ ਵਾਰ ਕੀਤੇ ਜਾਣ ਦੇ ਨਿਸ਼ਾਨ ਸਨ।

ਉੱਤਰ-ਪੂਰਬੀ ਦਿੱਲੀ ਦੇ ਪੁਲਿਸ ਡਿਪਟੀ ਕਮਿਸ਼ਨਰ (ਡੀਸੀਪੀ) ਰਾਹੁਲ ਅਲਵਲ ਨੇ ਦੱਸਿਆ ਕਿ ਸੰਬੰਧਤ ਧਾਰਾਵਾਂ 'ਚ ਮਾਮਲਾ ਦਰਜ ਕਰਨ ਤੋਂ ਬਾਅਦ ਘਟਨਾ ਦੀ ਜਾਂਚ ਲਈ ਇਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ, ਜਿਸ ਨੇ ਸਬੂਤ ਜੁਟਾਏ ਅਤੇ ਦੋਸ਼ੀ ਦੀ ਪਛਾਣ ਮੋਹਿਤ (26) ਵਜੋਂ ਕੀਤੀ।

## ਵੈਨੇਜ਼ੁਏਲਾ ਦੀ ਰਾਸ਼ਟਰਪਤੀ ਨੇ ਮੋਦੀ ਨਾਲ ਕੀਤੀ ਮੁਲਾਕਾਤ ! ਕਈ ਅਹਿਮ ਮੁੱਦਿਆਂ 'ਤੇ ਹੋਈ ਚਰਚਾ



ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ): ਵੈਨੇਜ਼ੁਏਲਾ ਦੇ ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਭਾਰਤ ਦੌਰੇ 'ਤੇ ਆਏ ਹੋਏ ਹਨ। ਇਸ ਦੌਰਾਨ ਉਨ੍ਹਾਂ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਡੈਲਸੀ ਨਾਲ ਇੱਕ ਅਹਿਮ ਬੈਠਕ ਕੀਤੀ। ਇਸ ਉੱਚ-ਪੱਧਰੀ ਮੁਲਾਕਾਤ ਦਾ ਮੁੱਖ ਕੇਂਦਰ ਦੋਵਾਂ ਦੇਸ਼ਾਂ ਵਿਚਾਲੇ ਊਰਜਾ, ਵਪਾਰ ਅਤੇ ਨਿਵੇਸ਼ ਦੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਸੀ। ਪੱਛਮੀ ਏਸ਼ੀਆ ਦੇ ਸੰਕਟ ਕਾਰਨ ਤੇਲ ਦੀ ਸਪਲਾਈ ਵਿੱਚ ਆ ਰਹੀਆਂ ਰੁਕਾਵਟਾਂ ਦੇ ਮੱਦੇਨਜ਼ਰ ਭਾਰਤ ਹੁਣ ਕੱਚੇ ਤੇਲ ਦੀ ਖ਼ਰੀਦ ਲਈ ਹੋਰਨਾਂ ਦੇਸ਼ਾਂ 'ਤੇ ਨਿਰਭਰਤਾ ਵਧਾ ਰਿਹਾ ਹੈ। ਭਾਰਤ ਅਤੇ ਵੈਨੇਜ਼ੁਏਲਾ ਹੁਣ ਆਪਸੀ ਊਰਜਾ ਸਹਿਯੋਗ ਨੂੰ ਵੱਡੇ ਪੱਧਰ 'ਤੇ ਵਧਾਉਣ ਦੀ ਤਿਆਰੀ ਵਿੱਚ ਹਨ। ਜਨਵਰੀ ਮਹੀਨੇ 'ਚ ਅਮਰੀਕੀ ਫ਼ੌਜਾਂ ਵੱਲੋਂ ਵੈਨੇਜ਼ੁਏਲਾ ਦੇ ਤਤਕਾਲੀ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਡੈਲਸੀ ਰੋਡਰਿਗਜ਼ ਨੇ ਕਾਰਜਕਾਰੀ ਰਾਸ਼ਟਰਪਤੀ ਵਜੋਂ ਕਮਾਨ ਸੰਭਾਲੀ ਸੀ। ਮਾਦੂਰੋ ਦੀ ਗ੍ਰਿਫ਼ਤਾਰੀ ਤੋਂ ਬਾਅਦ ਵੈਨੇਜ਼ੁਏਲਾ 'ਤੇ ਲੱਗੀਆਂ ਅਮਰੀਕੀ ਪਾਬੰਦੀਆਂ ਹਟਣ ਨਾਲ ਭਾਰਤ ਨੇ ਉੱਥੋਂ ਮੁੜ ਕੱਚਾ ਤੇਲ ਖ਼ਰੀਦਣਾ ਸ਼ੁਰੂ ਕਰ ਦਿੱਤਾ ਹੈ। ਪੱਛਮੀ ਏਸ਼ੀਆ ਦੇ ਮੌਜੂਦਾ ਹਾਲਾਤ ਕਾਰਨ ਪਿਛਲੇ ਕੁਝ ਹਫ਼ਤਿਆਂ ਵਿੱਚ ਭਾਰਤੀ ਤੇਲ ਮਾਰਕੀਟਿੰਗ ਕੰਪਨੀਆਂ ਨੇ ਵੈਨੇਜ਼ੁਏਲਾ ਤੋਂ ਕੱਚੇ ਤੇਲ ਦੀ ਆਮਦ ਨੂੰ ਕਾਫ਼ੀ ਜ਼ਿਆਦਾ ਵਧਾ ਦਿੱਤਾ ਹੈ। ਇੱਕ ਸਮੇਂ ਭਾਰਤ ਰੋਜ਼ਾਨਾ 4,00,000 ਬੈਰਲ ਤੋਂ ਵੱਧ ਵੈਨੇਜ਼ੁਏਲੀਅਨ ਭਾਰੀ ਕੱਚਾ ਤੇਲ ਖ਼ਰੀਦਦਾ ਸੀ, ਜੋ 2020 ਵਿੱਚ ਅਮਰੀਕੀ ਪਾਬੰਦੀਆਂ ਕਾਰਨ ਬੰਦ ਹੋ ਗਿਆ ਸੀ।

## ਤਲਾਬ 'ਚ ਡੁੱਬਣ ਕਾਰਨ 3 ਸਕੇ ਭੈਣ-ਭਰਾਵਾਂ ਦੀ ਮੌਤ

ਹਮੀਰਪੁਰ, 4 ਜੂਨ (ਪ੍ਰਤੀਨਿਧੀ) : ਉੱਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਦੇ ਬਿੰਵਾਰ ਖੇਤਰ ਵਿੱਚ ਵੀਰਵਾਰ ਨੂੰ ਇੱਕ ਬਹੁਤ ਹੀ ਮੰਦਭਾਗੀ ਘਟਨਾ ਵਾਪਰੀ ਹੈ, ਜਿੱਥੇ ਇੱਕ ਤਲਾਬ ਵਿੱਚ ਨਹਾਉਂਦੇ ਸਮੇਂ ਤਿੰਨ ਸਕੇ ਭੈਣ-ਭਰਾਵਾਂ ਦੀ ਡੁੱਬਣ ਕਾਰਨ ਮੌਤ ਹੋ ਗਈ। ਪੁਲਿਸ ਸੂਤਰਾਂ ਅਨੁਸਾਰ ਇਹ ਹਾਦਸਾ ਬਿੰਵਾਰ ਥਾਣਾ ਖੇਤਰ ਦੇ ਅਧੀਨ ਪੈਂਦੇ ਪਿੰਡ ਛਾਨੀ ਵਿੱਚ ਸਵੇਰੇ ਲਗਭਗ 11 ਵਜੇ ਵਾਪਰਿਆ।

ਪ੍ਰਾਪਤ ਜਾਣਕਾਰੀ ਅਨੁਸਾਰ, ਪਾਰਵਤੀ ਨਾਮ ਦੀ ਇੱਕ ਮਹਿਲਾ ਆਪਣੇ ਦੋ ਪੁੱਤਰਾਂ ਸ਼ਿਵੇਂਦਰ (10), ਰੁਦਰਾਂਸ਼ (8) ਅਤੇ ਪੰਜ ਸਾਲਾ ਧੀ ਮਾਂਡਵੀ ਨੂੰ ਨਾਲ ਲੈ ਕੇ ਪਿੰਡ ਦੇ 'ਅੰਮ੍ਰਿਤ ਸਰੋਵਰ' (ਤਲਾਬ) 'ਤੇ ਨਹਾਉਣ ਅਤੇ ਕੱਪੜੇ ਧੋਣ ਲਈ ਗਈ ਸੀ। ਜਦੋਂ ਪਾਰਵਤੀ ਕੱਪੜੇ ਧੋਣ ਵਿੱਚ ਰੁੱਝੀ ਹੋਈ ਸੀ, ਉਸ ਦੇ ਤਿੰਨੇ ਬੱਚੇ ਤਲਾਬ ਵਿੱਚ ਨਹਾਉਣ ਲੱਗੇ। ਨਹਾਉਂਦੇ ਸਮੇਂ ਬੱਚੇ ਅਚਾਨਕ ਡੂੰਘੇ ਪਾਣੀ ਵੱਲ ਚਲੇ ਗਏ ਅਤੇ ਡੁੱਬਣ ਲੱਗੇ। ਆਪਣੇ ਬੱਚਿਆਂ ਨੂੰ ਡੁੱਬਦਾ ਦੇਖ ਕੇ ਮਾਂ ਨੇ ਮਦਦ ਲਈ ਸ਼ੋਰ ਮਚਾਇਆ, ਜਿਸ ਨੂੰ ਸੁਣ ਕੇ ਆਸ-ਪਾਸ ਦੇ ਲੋਕ ਤੁਰੰਤ ਮੌਕੇ 'ਤੇ ਪਹੁੰਚ ਗਏ।

## ਦਿੱਲੀ ਦੇ ਮੇਅਰ ਦਫ਼ਤਰ, ਮੰਦਰਾਂ ਤੇ ਰੇਲਵੇ ਸਟੇਸ਼ਨਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਦਿੱਲੀ ਮੇਅਰ ਦੇ ਦਫ਼ਤਰ, ਨਵੀਂ ਦਿੱਲੀ ਰੇਲਵੇ ਸਟੇਸ਼ਨ ਅਤੇ ਕਈ ਪ੍ਰਮੁੱਖ ਮੰਦਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਹ ਧਮਕੀ ਇੱਕ ਈ-ਮੇਲ ਰਾਹੀਂ ਭੇਜੀ ਗਈ ਹੈ। ਪਤ ਜਾਣਕਾਰੀ ਅਨੁਸਾਰ, ਇਸ ਈਮੇਲ ਵਿੱਚ ਸਪੱਸ਼ਟ ਤੌਰ 'ਤੇ ਲਿਖਿਆ ਗਿਆ ਹੈ ਕਿ ਦਿੱਲੀ ਦੇ ਕਈ ਹਿੰਦੂ ਮੰਦਰ ਨਿਸ਼ਾਨੇ 'ਤੇ ਹਨ। ਇਨ੍ਹਾਂ ਵਿੱਚ ਚਾਂਦਨੀ ਚੌਕ ਦਾ ਗੌਰੀ ਸ਼ੰਕਰ ਮੰਦਰ, ਕਾਲਕਾ ਜੀ ਮੰਦਰ, ਮਹਿਰੌਲੀ ਦਾ ਯੋਗਮਾਇਆ ਮੰਦਰ, ਪਿੰਜੌਰ ਦਾ ਭੀਮਾ ਦੇਵੀ ਮੰਦਰ ਅਤੇ ਕੁਰੂਕਸ਼ੇਤਰ ਦੇ ਕਈ ਧਾਰਮਿਕ ਸਥਾਨ ਸ਼ਾਮਲ ਹਨ। ਧਮਕੀ ਦੇਣ ਵਾਲੇ ਨੇ ਲਿਖਿਆ ਹੈ ਕਿ ਇਨ੍ਹਾਂ ਸਥਾਨਾਂ ਨੂੰ ਬੰਬ ਧਮਾਕਿਆਂ ਨਾਲ ਤਬਾਹ ਕਰ ਦਿੱਤਾ ਜਾਵੇਗਾ।

ਦਿੱਲੀ ਮੇਅਰ ਦਫ਼ਤਰ ਲਈ ਦੁਪਹਿਰ 1:11 ਤੋਂ 3:11 ਵਜੇ ਤੱਕ ਅਤੇ ਰੇਲਵੇ ਸਟੇਸ਼ਨ ਲਈ ਸਵੇਰੇ 9:11 ਤੋਂ ਰਾਤ 9:11 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 5-6 ਜੂਨ ਨੂੰ ਚੰਡੀਗੜ੍ਹ, ਅੰਬਾਲਾ ਅਤੇ ਦਿੱਲੀ ਦੇ ਰੇਲਵੇ ਟ੍ਰੈਕਾਂ 'ਤੇ ਆਈ.ਈ.ਡੀ. ਧਮਾਕੇ ਕਰਨ ਦੀ ਚਿਤਾਵਨੀ ਦਿੰਦਿਆਂ ਲੋਕਾਂ ਨੂੰ ਸਫਰ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ।

ਇਹ ਧਮਕੀ ਭਰੀ ਈਮੇਲ ਮਿਲਣ ਤੋਂ ਬਾਅਦ ਦਿੱਲੀ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹੋ ਗਈਆਂ ਹਨ। ਜਨਤਕ ਥਾਵਾਂ, ਰੇਲਵੇ ਸਟੇਸ਼ਨਾਂ ਤੇ ਮੰਦਰਾਂ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ।

# ਸਿੱਖਿਆ ਵਿਵਸਥਾ ਦੀ ਬਰਬਾਦੀ ਦੀ ਕੀਮਤ ਚੁਕਾ ਰਹੀ ਹੈ ਨੌਜਵਾਨ ਪੀੜ੍ਹੀ : ਰਾਹੁਲ ਗਾਂਧੀ



ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਨਾਗਪੁਰ 'ਚ ਮੈਡੀਕਲ ਪ੍ਰਵੇਸ਼ ਪ੍ਰੀਖਿਆ ਨੀਟ ਦੀ ਤਿਆਰੀ ਕਰਨ ਵਾਲੀ ਇਕ ਵਿਦਿਆਰਥਣ ਦੀ ਖੁਦਕੁਸ਼ੀ ਦੀ ਘਟਨਾ ਨੂੰ ਲੈ ਕੇ ਵੀਰਵਾਰ ਨੂੰ ਮੋਦੀ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਿਆ ਅਤੇ ਦੋਸ਼ ਲਗਾਇਆ ਕਿ ਪਿਛਲੇ 12 ਸਾਲਾਂ 'ਚ ਸਿੱਖਿਆ ਵਿਵਸਥਾ ਦੀ ਬਰਬਾਦੀ ਦੀ ਕੀਮਤ ਪੂਰੀ ਇਕ ਨੌਜਵਾਨ ਪੀੜ੍ਹੀ ਚੁਕਾ ਰਹੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ 'ਵਿਦਿਆਰਥਣ ਦੀ ਮੌਤ ਖੁਦਕੁਸ਼ੀ ਨਹੀਂ ਸਗੋਂ ਮੋਦੀ ਜੀ ਦੀ ਇਕ ਭ੍ਰਿਸ਼ਟ, ਟੁੱਟੀ ਹੋਈ ਵਿਵਸਥਾ ਦੀ ਦੇਣ ਹੈ।"ਰਾਹੁਲ ਗਾਂਧੀ ਨੇ 'ਐਕਸ' 'ਤੇ ਪੋਸਟ ਕੀਤਾ,"ਆਕਾਂਸ਼ਾ ਡਾਕਟਰ ਬਣ ਕੇ ਦੇਸ਼ ਅਤੇ ਸਮਾਜ ਦੀ ਸੇਵਾ ਕਰਨਾ ਚਾਹੁੰਦੀ ਸੀ। ਆਕਾਂਸ਼ਾ ਦੇ ਪਿਤਾ ਕਿਸਾਨ ਹਨ। ਬੇਟੀ ਦੇ ਡਾਕਟਰ ਬਣਨ ਦੇ ਸੁਪਨੇ ਲਈ ਕਿਸਾਨ ਨੇ ਕ੍ਰੇਡਿਟ ਕਾਰਡ 'ਤੇ ਤਿੰਨ ਲੱਖ ਰੁਪਏ ਦਾ ਕਰਜ਼ ਲਿਆ। ਨਾਗਪੁਰ 'ਚ ਖੁਦ ਰਸੋਈਏ ਦੀ ਨੌਕਰੀ ਕਰ ਲਈ ਤਾਂ ਕਿ ਬੇਟੀ ਉੱਥੇ ਕੋਚਿੰਗ ਕਰ ਸਕੇ।" ਉਨ੍ਹਾਂ ਕਿਹਾ,"ਇਕ ਪਿਤਾ ਜੋ ਕਰ ਸਕਦਾ ਸੀ, ਉਸ ਨੇ ਸਭ ਕੀਤਾ। ਫਿਰ ਨੀਟ ਪੇਪਰ ਲੀਕ ਹੋਇਆ। ਪ੍ਰੀਖਿਆ ਰੱਦ ਹੋਈ। ਉਸ ਬੇਨਿਯਮੀ 'ਚ ਆਕਾਂਸ਼ਾ ਸਾਨੂੰ ਛੱਡ ਕੇ ਚਲੀ ਗਈ।" ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ,"ਅਤੇ ਧਰਮੇਂਦਰ ਪ੍ਰਧਾਨ ਜੀ ? ਅੱਜ ਵੀ ਕੁਰਸੀ 'ਤੇ ਹਨ। ਫਿਰ ਉਹੀ ਕਮੇਟੀ। ਉਹੀ ਤਬਾਦਲਾ। ਉਹੀ ਜਾਂਚ। ਨਾ ਸੁਧਾਰ, ਨਾ ਨਿਆਂ।" ਰਾਹੁਲ ਗਾਂਧੀ ਨੇ ਕਿਹਾ,"ਮੋਦੀ ਜੀ, ਕੁਰਸੀ ਸਥਾਈ ਨਹੀਂ ਹੁੰਦੀ, ਆਉਂਦੀ-ਜਾਂਦੀ ਰਹਿੰਦੀ ਹੈ।

# ਭਾਰਤ ਸਮੇਤ ਦੁਨੀਆਂ 'ਚ 3 ਮਹੀਨਿਆਂ ਤਕ ਸੋਕੇ ਦਾ ਖ਼ਦਸ਼ਾ

## ਜੂਨ ਤੇ ਅਗੱਸਤ ਦੇ ਵਿਚਕਾਰ ਪ੍ਰਸ਼ਾਂਤ ਮਹਾਸਾਗਰ ਵਿਚ ਐਲ ਨੀਨੋ ਬਣਨ ਦੀ 80 ਫ਼ੀ ਸਦੀ ਸੰਭਾਵਨਾ



ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂ.ਐਮ.ਓ.) ਨੇ ਵੀ ਆਲਮੀ ਜਲਵਾਯੂ ਬਾਰੇ ਇਕ ਬਹੁਤ ਹੀ ਗੰਭੀਰ ਚੇਤਾਵਨੀ ਜਾਰੀ ਕੀਤੀ ਹੈ। ਸੰਯੁਕਤ ਰਾਸ਼ਟਰ ਮੌਸਮ ਵਿਗਿਆਨ ਏਜੰਸੀ ਦੇ ਤਾਜ਼ਾ ਅਪਡੇਟ ਅਨੁਸਾਰ, ਜੂਨ ਤੇ ਅਗੱਸਤ ਦੇ ਵਿਚਕਾਰ ਪ੍ਰਸ਼ਾਂਤ ਮਹਾਸਾਗਰ ਵਿਚ ਐਲ ਨੀਨੋ ਬਣਨ ਦੀ 80 ਫ਼ੀ ਸਦੀ ਸੰਭਾਵਨਾ ਹੈ, ਜਦਕਿ ਨਵੰਬਰ 2026 ਤਕ ਇਸ ਦੇ ਰਹਿਣ ਦੀ 90% ਜਾਂ ਇਸ ਤੋਂ ਵੱਧ ਸੰਭਾਵਨਾ ਹੈ। ਇਸ ਦੇ ਅਸਰ ਨਾਲ ਆਸਟ੍ਰੇਲੀਆ ਤੋਂ ਲੈ ਕੇ ਭਾਰਤ ਤਕ ਦੁਨੀਆਂ ਭਰ ਵਿਚ ਸੋਕਾ, ਵਿਨਾਸ਼ਕਾਰੀ ਹੜ੍ਹ, ਅਤੇ ਸਮੁੰਦਰ ਤੇ ਜ਼ਮੀਨੀ ਗਰਮੀ ਦੀਆਂ ਲਹਿਰਾਂ ਆ ਸਕਦੀਆਂ ਹਨ। ਜ਼ਿਕਰਯੋਗ ਹੈ ਕਿ 2023-24 ਦਾ ਐਲ ਨੀਨੋ ਪਹਿਲਾਂ ਇਤਿਹਾਸ ਦੇ ਪੰਜ ਸੱਭ ਤੋਂ ਸ਼ਕਤੀਸ਼ਾਲੀ ਪ੍ਰਭਾਵਾਂ 'ਚੋਂ ਇਕ ਸੀ, ਜਿਸ ਨੇ 2024 ਵਿਚ ਸਾਰੇ ਵਿਸ਼ਵ ਤਾਪਮਾਨ ਰੀਕਾਰਡ ਤੋੜ ਦਿਤੇ ਸਨ। ਡਬਿਲਊ.ਐਮ.ਓ. ਅਨੁਸਾਰ, ਜੇਕਰ ਦੋ ਪ੍ਰਣਾਲੀਆਂ ਸਰਗਰਮ ਰਹਿੰਦੀਆਂ ਹਨ ਤਾਂ ਭਾਰਤ ਐਲ ਨੀਨੋ ਦੇ ਬਾਵਜੂਦ ਮਾਨਸੂਨ ਤੋਂ ਬਚ ਸਕਦਾ ਹੈ। ਪਹਿਲਾ ਹੈ ਹਿੰਦ ਮਹਾਂਸਾਗਰ ਡਾਇਪੋਲ (ਆਈ.ਓ.ਡੀ.) ਇਸ ਨੂੰ 'ਹਿੰਦ ਮਹਾਂਸਾਗਰ ਐਲ ਨੀਨੋ' ਵੀ ਕਿਹਾ ਜਾਂਦਾ ਹੈ। ਜੇਕਰ ਇਸ ਦਾ ਪੜਾਅ 'ਸਕਾਰਾਤਮਕ' ਹੈ, ਤਾਂ ਇਹ ਐਲ ਨੀਨੋ ਦੇ ਸੋਕੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦਾ ਹੈ ਅਤੇ ਭਾਰਤ ਵਿਚ ਚੰਗਾ ਮੀਂਹ ਲਿਆ ਸਕਦਾ ਹੈ। ਦੂਜਾ ਹੈ ਮੈਡਨ-ਜੂਲੀਅਨ ਓਸੀਲੇਸ਼ਨ (ਐਮ.ਜੇ.ਓ.)। ਇਹ ਬੱਦਲਾਂ ਅਤੇ ਹਵਾਵਾਂ ਦਾ ਇਕ ਆਲਮੀ ਚੱਕਰ ਹੈ ਜੋ ਭੂਮੱਧ ਰੇਖਾ ਦੇ ਦੁਆਲੇ ਘੁੰਮਦਾ ਹੈ। ਜਦੋਂ ਇਹ ਭਾਰਤ ਦੇ ਉੱਪਰੋਂ ਲੰਘਦਾ ਹੈ, ਤਾਂ ਇਹ ਕਮਜ਼ੋਰ ਮਾਨਸੂਨ ਦੌਰਾਨ ਵੀ ਭਾਰੀ ਮੀਂਹ ਦੇ ਦੌਰ ਲਿਆਉਂਦਾ ਹੈ।

ਇਸ ਦੌਰਾਨ ਭਾਰਤੀ ਮੌਸਮ ਵਿਭਾਗ ਨੇ ਅਪਣੀ ਤਾਜ਼ਾ ਭਵਿੱਖਬਾਣੀ ਵਿਚ ਕਿਹਾ ਹੈ ਕਿ ਮਾਨਸੂਨ 4 ਜੂਨ ਨੂੰ ਕੇਰਲ ਤੱਟ ਉਤੇ ਪਹੁੰਚ ਸਕਦਾ ਹੈ। ਇਸ ਤੋਂ ਬਾਅਦ, ਇਹ ਅਗਲੇ ਇਕ ਹਫ਼ਤੇ ਵਿਚ ਤਾਮਿਲਨਾਡੂ, ਕਰਨਾਟਕ ਅਤੇ ਦਖਣੀ ਭਾਰਤ ਦੇ ਹੋਰ ਹਿੱਸਿਆਂ ਵਿਚ ਅੱਗੇ ਵਧ ਸਕਦਾ ਹੈ। ਕੇਰਲ ਵਿਚ ਮਾਨਸੂਨ ਦੇ ਆਉਣ ਦੀ ਆਮ ਤਰੀਕ 1 ਜੂਨ ਹੈ। ਪਿਛਲੀ ਭਵਿੱਖਬਾਣੀ 'ਚ, ਵਿਭਾਗ ਨੇ ਭਵਿੱਖਬਾਣੀ ਕੀਤੀ ਸੀ ਕਿ ਮਾਨਸੂਨ 26 ਮਈ ਨੂੰ ਕੇਰਲ ਪਹੁੰਚੇਗਾ। ਹਾਲਾਂਕਿ, ਅਨੁਕੂਲ ਹਾਲਾਤ ਦੀ ਘਾਟ ਕਾਰਨ, ਮਾਨਸੂਨ 11 ਦਿਨਾਂ ਲਈ ਫਸਿਆ ਰਿਹਾ।

# ਮੁਜ਼ੱਫਰਪੁਰ ਦੇ ਨਿੱਜੀ ਹਸਪਤਾਲ ਦੇ ਆਈ. ਸੀ. ਯੂ.'ਚ ਅੱਗ ਲੱਗਣ ਕਾਰਨ 5 ਮੌਤਾਂ

## ਮੁੱਖ ਮੰਤਰੀ ਵਲੋਂ 4-4 ਲੱਖ ਦੇ ਮੁਆਵਜ਼ੇ ਦਾ ਐਲਾਨ

ਮੁਜ਼ੱਫਰਪੁਰ, 4 ਜੂਨ (ਪ੍ਰਤੀਨਿਧੀ) : ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਦੇ ਇੱਕ ਪ੍ਰਾਈਵੇਟ ਹਸਪਤਾਲ ਦੇ ਆਈਸੀਯੂ (ਆਈਸੀਯੂ) ਵਿੱਚ ਵੀਰਵਾਰ ਤੜਕੇ ਲੱਗੀ ਅੱਗ ਵਿੱਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਅੱਗ ਬ੍ਰਹਮਪੁਰਾ ਇਲਾਕੇ ਦੇ ਪ੍ਰਸਾਦ ਹਸਪਤਾਲ ਵਿੱਚ ਸਵੇਰੇ 3 ਵਜੇ ਦੇ ਕਰੀਬ ਲੱਗੀ ਅਤੇ ਤੇਜ਼ੀ ਨਾਲ ਇੰਟੈਂਸਿਵ ਕੇਅਰ ਯੂਨਿਟ (ਆਈਸੀਯੂ) ਵਿੱਚ ਫੈਲ ਗਈ, ਜਿਸ ਨਾਲ ਇਹ ਸੰਘਣੇ ਧੂੰਏਂ ਨਾਲ ਭਰ ਗਿਆ।



ਮੁਜ਼ੱਫਰਪੁਰ ਦੇ ਮਿਊਂਸਪਲ ਕਮਿਸ਼ਨਰ ਰਿਤੁਰਾਜ ਸਿੰਘ ਨੇ ਕਿਹਾ, 'ਕੁੱਲ 5 ਮੌਤਾਂ ਦੀ ਪੁਸ਼ਟੀ ਹੋਈ ਹੈ। ਕਈ ਵਿਅਕਤੀ ਜ਼ਖਮੀ ਹਨ, ਜਿਨ੍ਹਾਂ ਦਾ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ।'

ਦਿਨ ਵਿੱਚ ਪਹਿਲਾਂ, ਮੁਜ਼ੱਫਰਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਸੁਬਰਤ ਕੁਮਾਰ ਸੇਨ ਨੇ ਕਿਹਾ ਸੀ ਕਿ ਅੱਗ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ, ਅਤੇ ਆਈਸੀਯੂ ਵਿੱਚ ਲਗਭਗ 13 ਤੋਂ 15 ਮਰੀਜ਼ਾਂ ਦਾ ਇਲਾਜ ਕੀਤਾ ਜਾ ਰਿਹਾ ਸੀ, ਜਿਨ੍ਹਾਂ ਨੂੰ ਹੁਣ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਦੂਜੇ ਹਸਪਤਾਲਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਸੇਨ ਨੇ ਕਿਹਾ, 'ਅਸੀਂ ਮ੍ਰਿਤਕਾਂ ਅਤੇ ਹੋਰ ਮਰੀਜ਼ਾਂ ਦੇ ਰਿਸ਼ਤੇਦਾਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਾਂ। ਅੱਗ 'ਤੇ ਕਾਬੂ ਪਾ ਲਿਆ ਗਿਆ ਹੈ।'

ਉਨ੍ਹਾਂ ਕਿਹਾ ਕਿ ਪਹਿਲੀ ਨਜ਼ਰੇ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਜਾਪਦੀ ਹੈ, ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਸਹੀ ਕਾਰਨਾਂ ਦਾ ਪਤਾ ਵਿਸਤ੍ਰਿਤ ਜਾਂਚ ਤੋਂ ਬਾਅਦ ਹੀ ਲੱਗ ਸਕੇਗਾ।

ਸਿੰਘ ਨੇ ਕਿਹਾ ਕਿ ਡੀਐਮ ਨੇ ਘਟਨਾ ਦੀ ਜਾਂਚ ਲਈ ਪੰਜ ਮੈਂਬਰੀ ਟੀਮ ਦਾ ਗਠਨ ਕੀਤਾ ਹੈ।

ਦੂਜੇ ਪਾਸੇ ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਹਸਪਤਾਲ ਵਿੱਚ ਅੱਗ ਲੱਗਣ ਨਾਲ ਚਾਰ ਲੋਕਾਂ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮੁਜ਼ੱਫਰਪੁਰ ਦੇ ਇੱਕ ਹਸਪਤਾਲ ਵਿੱਚ ਅੱਗ ਲੱਗਣ ਨਾਲ ਚਾਰ ਲੋਕਾਂ ਦੀ ਮੌਤ ਬਹੁਤ ਦੁਖਦਾਈ ਹੈ। ਦੁਖੀ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਉਨ੍ਹਾਂ ਨੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਅਤੇ ਪਰਿਵਾਰਾਂ ਨੂੰ ਤਾਕਤ ਦੇਣ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਤੁਰੰਤ 4-4 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦੇ ਨਿਰਦੇਸ਼ ਦਿੱਤੇ ਹਨ।

ਉਪ ਮੁੱਖ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਕਿਹਾ ਕਿ ਜਾਂਚਕਰਤਾ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ ਅਤੇ ਸਰਕਾਰ ਇਸ ਮਾਮਲੇ ਵਿੱਚ ਉਚਿਤ ਕਾਰਵਾਈ ਕਰੇਗੀ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਵੀ ਅੱਗ ਵਿੱਚ ਹੋਏ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟਾਇਆ।

ਉਨ੍ਹਾਂ ਐਕਸ 'ਤੇ ਲਿਖਿਆ, 'ਮੁਜ਼ੱਫਰਪੁਰ ਸਥਿਤ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਅੱਗ ਲੱਗਣ ਕਾਰਨ ਹੋਏ ਜਾਨੀ ਨੁਕਸਾਨ ਤੋਂ ਮੇਰਾ ਦਿਲ ਬਹੁਤ ਦੁਖੀ ਹੈ। ਮੈਂ ਵਿਛੜੀਆਂ ਰੂਹਾਂ ਦੀ ਸ਼ਾਂਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਅਸਹਿ ਦਰਦ ਨੂੰ ਸਹਿਣ ਕਰਨ ਦੀ ਤਾਕਤ ਦੇਣ ਲਈ ਪ੍ਰਾਰਥਨਾ ਕਰਦਾ ਹਾਂ। ਮੈਂ ਇਸ ਹਾਦਸੇ ਵਿੱਚ ਜ਼ਖਮੀ ਹੋਏ ਸਾਰੇ ਲੋਕਾਂ ਦੇ ਜਲਦੀ ਠੀਕ ਹੋਣ ਦੀ ਵੀ ਕਾਮਨਾ ਕਰਦਾ ਹਾਂ।' ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਘਟਨਾ ਦਿਲ ਦਹਿਲਾ ਦੇਣ ਵਾਲੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

# ਅਪ੍ਰੇਸ਼ਨ ਬਲੂ ਸਟਾਰ ਦੇ ਜ਼ਖ਼ਮ ਸਿੱਖ ਕੌਮ ਕਦੇ ਭੁੱਲ ਨਹੀਂ ਸਕਦੀ: ਹਰਮੀਤ ਕਾਲਕਾ, ਜਗਦੀਪ ਸਿੰਘ ਕਾਹਲੋਂ

## ➤ ਬੰਦੀ ਸਿੰਘਾਂ ਦੀ ਰਿਹਾਈ ਦੇ ਯਤਨ ਕਰਨਾ ਸਭ ਦੀ ਸਾਂਝੀ ਜ਼ਿੰਮੇਵਾਰੀ ➤ ਗੁ. ਬੰਗਲਾ ਸਾਹਿਬ ਵਿਖੇ ਸ਼ਹੀਦਾਂ ਨਮਿਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਜੂਨ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ 'ਤੇ ਟੈਂਕਾਂ ਅਤੇ ਤੋਪਾਂ ਨਾਲ ਸਾਡੀ ਸ਼ਕਤੀ ਦੇ ਸਰਵਉਚ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਅਤੇ ਸ੍ਰੀ ਦਰਬਾਰ ਅੰਦਰ ਹਜ਼ਾਰਾਂ ਨਿਰਦੋਸ਼ ਸਿੰਘਾਂ, ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਨੂੰ ਕਤਲ ਕਰਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਤੇ ਪਵਿੱਤਰ ਸਰੂਪਾਂ ਦੀ ਬੇਅਦਬੀ ਕਰਨ ਲਈ ਕੀਤੇ ਗਏ ਅਪ੍ਰੇਸ਼ਨ ਬਲੂ ਸਟਾਰ ਦੇ ਜ਼ਖ਼ਮਾਂ ਨੂੰ ਸਿੱਖ ਕੌਮ ਕਦੇ ਭੁਲਾ ਨਹੀਂ ਸਕਦੀ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ। ਅੱਜ ਇਥੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਅਪ੍ਰੇਸ਼ਨ ਬਲੂ ਸਟਾਰ ਦੌਰਾਨ ਸ਼ਹੀਦ ਹੋਏ ਸਿੱਖ ਜਰਨੈਲਾਂ ਤੇ ਸਿੰਘਾਂ, ਸਿੰਘਣੀਆਂ ਤੇ ਸੰਗਤ ਨਮਿਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਆਖੰਡ ਪਾਠ ਦੇ ਭੋਗ ਪਾਉਣ ਉਪਰੰਤ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਅਪ੍ਰੇਸ਼ਨ ਬਲੂ ਸਟਾਫ ਦੁਨੀਆਂ ਦਾ ਇਕਲੌਤਾ ਅਜਿਹਾ ਅਪ੍ਰੇਸ਼ਨ ਹੋਇਆ ਹੈ ਜਿਸ ਵਿਚ ਇਕ ਕੌਮ ਨੂੰ ਨਿਸ਼ਾਨਾ ਬਣਾਇਆ ਗਿਆ। ਉਹਨਾਂ ਕਿਹਾ ਕਿ ਨਾ ਸਿਰਫ ਸਾਡੇ ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ ਤੇ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਇਆ ਗਿਆ ਬਲਕਿ ਇਸ ਅਪ੍ਰੇਸ਼ਨ ਦੇ ਤਹਿਤ ਹੀ ਅਣਗਿਣਤੀ ਗੁਰਧਾਮਾਂ 'ਤੇ ਵੀ ਗੋਲੀਆਂ ਤੇ ਗੋਲੇ ਚਲਵਾਏ ਗਏ ਤੇ ਹਜ਼ਾਰਾਂ ਸੰਗਤਾਂ ਸ਼ਹੀਦ ਕੀਤੀਆਂ ਗਈਆਂ।




ਫੋਟੋਆਂ: ਹਰਸਿਮਰਨ ਸਿੰਘ

ਉਹਨਾਂ ਕਿਹਾ ਕਿ ਸਾਡੇ ਮਹਾਨ ਜਰਨੈਲਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਹਾਦਤਾਂ ਦਿੱਤੀਆਂ ਪਰ ਹੁਕਮਰਾਨਾ ਦੀ ਈਨ ਨਹੀਂ ਮੰਨੀ। ਉਹਨਾਂ ਕਿਹਾ ਕਿ ਜੋ ਸਾਡੀ ਕੌਮ ਨਾਲ 1984 ਵਿਚ ਹੋਇਆ, ਉਹ ਕਦੇ ਮੁਆਫ ਨਾ ਕੀਤੇ ਜਾਣ ਵਾਲੇ ਸਾਕੇ ਹਨ। ਪਹਿਲਾਂ ਅਪ੍ਰੇਸ਼ਨ ਬਲੂ ਸਟਾਰ ਹੋਇਆ ਤੇ ਫਿਰ ਜਦੋਂ ਸਾਡੇ ਸਿੰਘਾਂ ਨੇ ਇਸ ਅਪ੍ਰੇਸ਼ਨ ਦਾ ਬਦਲਾ ਲਿਆ ਤਾਂ ਨਵੰਬਰ 1984 ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਦੇਸ਼ ਦੇ ਅਨੇਕਾਂ ਸ਼ਹਿਰਾਂ ਵਿਚ ਇਕ ਵਾਰ ਫਿਰ ਤੋਂ ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਗਿਆ ਤੇ ਦਰਿੰਦਗੀ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ ਗਈਆਂ। ਉਹਨਾਂ ਕਿਹਾ ਕਿ ਅੱਜ ਇਸ 42 ਸਾਲਾਂ ਬਾਅਦ ਵੀ ਸਾਡੇ ਜ਼ਖ਼ਮ ਅੱਲ੍ਹੇ ਹਨ। ਉਹਨਾਂ ਕਿਹਾ ਕਿ ਬੇਸ਼ੱਕ ਅੱਜ ਸਮੇਂ ਦੀ ਸਰਕਾਰ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੀ ਬਾਂਹ ਫੜੀ ਹੈ ਪਰ ਅਪ੍ਰੇਸ਼ਨ ਬਲੂ ਸਟਾਰ ਲਈ ਗੁਨਾਹਗਾਰ ਲੋਕਾਂ ਨੂੰ ਕਦੇ ਮੁਆਫ ਨਹੀਂ ਕੀਤਾ ਜਾ ਸਕਦਾ।

ਉਹਨਾਂ ਕਿਹਾ ਕਿ ਇਹ ਅਪ੍ਰੇਸ਼ਨ ਬਲੂ ਸਟਾਰ ਹੀ ਸੀ ਜਿਸਦੇ ਮਗਰੋਂ ਪੰਜਾਬ ਵਿਚ ਅਜਿਹੀ ਹਨੇਰੀ ਵੱਗੀ ਜਿਸ ਵਿਚ ਸਾਡੇ ਹਜ਼ਾਰਾਂ ਨੌਜਵਾਨ ਸ਼ਹੀਦ ਹੋ ਗਏ। ਉਹਨਾਂ ਕਿਹਾ ਕਿ ਜਦੋਂ ਸਾਡੇ ਨੌਜਵਾਨਾਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕੁਝ ਨੌਜਵਾਨ ਭਾਵਨਾਵਾਂ ਵਿਚ ਵਹਿ ਤੁਰੇ ਤਾਂ ਉਹਨਾਂ ਦੀ ਬਾਂਹ ਫੜਨ ਵਾਲੇ ਨਹੀਂ ਰਹੇ। ਉਹਨਾਂ ਕਿਹਾ ਕਿ ਹਮੇਸ਼ਾ ਸਿੱਖ ਕੌਮ ਦੇ ਨਾਮ 'ਤੇ ਸਰਕਾਰਾਂ ਬਣਾਉਣ ਵਾਲਿਆਂ ਨੇ ਇਹਨਾਂ ਬੰਦੀ ਸਿੰਘਾਂ ਨੂੰ ਆਪਣੀਆਂ ਸਰਕਾਰਾਂ ਸਮੇਂ ਬਿਲਕੁਲ ਹੀ ਵਿਸਾਰ ਦਿੱਤਾ ਤੇ ਜਦੋਂ ਸਰਕਾਰਾਂ ਚੱਲੀਆਂ ਗਈਆਂ ਤਾਂ ਬੰਦੀ ਸਿੰਘ ਫਿਰ ਚੇਤੇ ਆ ਗਏ।

ਉਹਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਉਪਰਾਲੇ ਕਰਨਾ ਸਾਡਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਹਨਾਂ ਕਿਹਾ ਕਿ ਇਸੇ ਤਰੀਕੇ ਸਾਡੇ ਮਹਾਨ ਜਰਨੈਲਾਂ, ਸਾਡੇ ਅਮੀਰ ਇਤਿਹਾਸ ਤੋਂ ਆਪਣੀ ਨੌਜਵਾਨ ਪੀੜੀ ਨੂੰ ਜਾਣੂ ਕਰਵਾਉਣਾ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਉਹਨਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਮੇਸ਼ਾ ਮੋਹਰੀ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ ਤੇ ਅੱਗੇ ਵੀ ਨਿਭਾਵੇਗੀ। ਉਹਨਾਂ ਨੇ ਸਿੱਖ ਕੌਮ ਦੀਆਂ ਸਮੁੱਚੀਆਂ ਜਥੇਬੰਦੀਆਂ, ਸੰਪਰਦਾਵਾਂ ਤੇ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਤੇ ਸਿੱਖ ਕੌਮ ਨੂੰ ਦਰਪੇਸ਼ ਹੋਰ ਅਹਿਮ ਮਸਲਿਆਂ ਦੇ ਹੱਲ ਲਈ ਏਕਤਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ।ਉਹਨਾਂ ਕਿਹਾ ਕਿ ਸਿੱਖ ਕੌਮ ਇਕਜੁੱਟ ਹੋਵੇਗੀ ਤਾਂ ਹੀ ਸਾਰੀ ਦੁਨੀਆਂ ਵਿਚ ਇਸਦੀ ਤਾਕਤ ਦਾ ਲੋਹਾ ਹੋਰ ਮਜ਼ਬੂਤੀ ਨਾਲ ਮੰਨਿਆ ਜਾਵੇਗਾ ਤੇ ਚਿਰਾਂ ਤੋਂ ਲਟਕ ਰਹੇ ਕੌਮ ਦੇ ਮਸਲੇ ਹੱਲ ਹੋਣਗੇ।

ਉਹਨਾਂ ਕਿਹਾ ਕਿ ਅੱਜ ਦਾ ਦਿਹਾੜਾ ਸਾਨੂੰ ਜ਼ਬਰ ਤੇ ਜ਼ੁਲਮ ਦੇ ਖਿਲਾਫ ਡਟਣ ਦੇ ਸਾਡੇ ਗੌਰਵਮਈ ਇਤਿਹਾਸ ਤੋਂ ਫਿਰ ਇਕ ਵਾਰ ਚੇਤੇ ਕਰਵਾਉਂਦਾ ਹੈ। ਅਜਿਹੇ ਮੌਕੇ ਉਹ ਸ਼ਹੀਦ ਜਰਨੈਲਾਂ ਤੇ ਸਮੂਹ ਸਿੰਘਾਂ ਸਿੰਘਣੀਆਂ ਸ਼ਰਧਾਂਜਲੀ ਭੇਂਟ ਕਰਦੇ ਹੋਏ ਸਰਬੱਸ ਦੇ ਭਲੇ ਦੀ ਅਰਦਾਸ ਕਰਦੇ ਹਨ।

ਇਸ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਨੇ ਅਰਦਾਸ ਕੀਤੀ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰ, ਮੈਂਬਰ ਤੇ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦਾ ਦਿੱਲੀ ਦੌਰਾ, ਕੇਂਦਰੀ ਮੰਤਰੀਆਂ ਨਾਲ ਪੰਜਾਬ ਦੇ ਮੁੱਦਿਆਂ 'ਤੇ ਕੀਤੀ ਚਰਚਾ

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਪੰਜਾਬ ਭਾਜਪਾ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਦਿੱਲੀ ਦਾ ਦੌਰਾ ਕੀਤਾ ਹੈ। ਇਸ ਦੌਰੇ ਦੌਰਾਨ ਉਨ੍ਹਾਂ ਨੇ ਕੇਂਦਰੀ ਮੰਤਰੀਆਂ ਤੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਕਰਕੇ ਪੰਜਾਬ ਦੀ ਮੌਜੂਦਾ ਸਥਿਤੀ ਅਤੇ ਵਿਕਾਸ ਕਾਰਜਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।

**ਸੁਰੱਖਿਆ ਤੇ ਨਸ਼ਿਆਂ ਦੇ ਮੁੱਦੇ 'ਤੇ ਜ਼ੋਰ**

ਕੇਵਲ ਸਿੰਘ ਢਿੱਲੋਂ ਨੇ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਸਰਹੱਦੀ ਸੂਬਾ ਹੋਣ ਦੇ ਨਾਤੇ ਇੱਥੋਂ ਦੀ ਅੰਦਰੂਨੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਰਾਜ ਵਿੱਚ ਅਪਰਾਧਾਂ 'ਤੇ ਨਕੇਲ ਪਾਉਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਕੇਂਦਰ ਤੋਂ ਸਹਿਯੋਗ ਮੰਗਿਆ, ਜਿਸ 'ਤੇ ਕੇਂਦਰੀ ਮੰਤਰੀ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।




ਫੋਟੋ:ਹਰਸਿਮਰਨ ਸਿੰਘ

**ਪੇਂਡੂ ਵਿਕਾਸ ਅਤੇ ਕਿਸਾਨ ਕਲਿਆਣ 'ਤੇ ਦਿੱਤਾ ਜ਼ੋਰ**

ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਢਿੱਲੋਂ ਨੇ ਕੇਂਦਰੀ ਗ੍ਰਾਮੀਣ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਵੀ ਮੁਲਾਕਾਤ ਕੀਤੀ। ਇਸ ਬੈਠਕ ਵਿੱਚ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਕੇਂਦਰੀ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ, ਜਲ ਜੀਵਨ ਮਿਸ਼ਨ ਅਤੇ ਕਿਸਾਨ ਭਲਾਈ ਪ੍ਰੋਗਰਾਮਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਬਾਰੇ ਗੱਲਬਾਤ ਹੋਈ।

**ਤਰਨਜੀਤ ਸਿੰਘ ਸੰਧੂ ਨਾਲ ਇੱਕ ਵਿਸ਼ੇਸ਼ ਤੇ ਅਹਿਮ ਮੁਲਾਕਾਤ**

ਇਸ ਦੌਰਾਨ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਅਤੇ ਸਾਬਕਾ ਆਈ.ਐਫ.ਐਸ. ਅਧਿਕਾਰੀ ਸਰਦਾਰ ਤਰਨਜੀਤ ਸਿੰਘ ਸੰਧੂ ਨਾਲ ਇੱਕ ਵਿਸ਼ੇਸ਼ ਤੇ ਅਹਿਮ ਮੁਲਾਕਾਤ ਕੀਤੀ। ਇਸ ਸਾਰਥਕ ਬੈਠਕ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ, ਸੂਬੇ ਦੇ ਸਰਵਪੱਖੀ ਸੁਧਾਰ, ਵਿਕਾਸ, ਭਲਾਈ ਅਤੇ ਪੰਜਾਬ ਦੀ ਚੜ੍ਹਦੀ ਕਲਾ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਡੂੰਘੀ ਵਿਚਾਰ-ਚਰਚਾ ਹੋਈ। ਪੰਜਾਬ ਦੀ ਖੁਸ਼ਹਾਲੀ, ਸੁਰੱਖਿਅਤ ਭਵਿੱਖ ਅਤੇ ਲੋਕ-ਕੇਂਦਰਿਤ ਵਿਕਾਸ ਲਈ ਭਾਜਪਾ ਦੀ ਵਚਨਬੱਧਤਾ ਅਟੱਲ ਹੈ। ਸਾਡਾ ਮਕਸਦ ਸਾਫ਼ ਹੈ — ਪੰਜਾਬ ਨੂੰ ਮੁੜ ਤਰੱਕੀ, ਭਰੋਸੇ ਅਤੇ ਖੁਸ਼ਹਾਲੀ ਦੇ ਰਾਹ 'ਤੇ ਅੱਗੇ ਲੈ ਕੇ ਜਾਣਾ।

**ਸਿਆਸੀ ਮਹੱਤਤਾ**

ਸਿਆਸੀ ਮਾਹਿਰਾਂ ਅਨੁਸਾਰ ਕੇਵਲ ਸਿੰਘ ਢਿੱਲੋਂ ਦਾ ਇਹ ਦੌਰਾ ਪੰਜਾਬ ਵਿੱਚ ਭਾਜਪਾ ਨੂੰ ਨਵੀਂ ਊਰਜਾ ਦੇਣ ਅਤੇ ਆਉਣ ਵਾਲੀਆਂ ਚੋਣਾਂ ਲਈ ਜ਼ਮੀਨੀ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਦਾ ਮੁੱਖ ਉਦੇਸ਼ ਪੰਜਾਬ ਦੇ ਹਿੱਤਾਂ ਦੀ ਆਵਾਜ਼ ਕੇਂਦਰ ਤੱਕ ਪਹੁੰਚਾਉਣਾ ਅਤੇ ਕਿਸਾਨਾਂ ਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨਾ ਹੈ। ਜਾਣਕਾਰੀ ਅਨੁਸਾਰ, ਉਨ੍ਹਾਂ ਦਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਨਾਲ ਵੀ ਮਿਲਣ ਦਾ ਪ੍ਰੋਗਰਾਮ ਹੈ।

# ਜੂਨ 1984 ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਿੱਖ ਕੌਮ ਦੀ ਅਣਖ ਅਤੇ ਹੋਂਦ ਦੀ ਅਮਰ ਨਿਸ਼ਾਨੀ: ਕਾਲਕਾ

## ਬੰਦੀ ਸਿੰਘਾਂ ਦੀ ਰਿਹਾਈ ਸਭ ਤੋਂ ਵੱਡੀ ਲੋੜ

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਨਿਰਦੋਸ਼ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਸਿੱਖ ਕੌਮ ਦੀ ਅਣਖ, ਆਤਮ-ਸਨਮਾਨ ਅਤੇ ਧਾਰਮਿਕ ਹੋਂਦ ਦੀ ਰੱਖਿਆ ਲਈ ਦਿੱਤੀਆਂ ਗਈਆਂ ਅਮਰ ਕੁਰਬਾਨੀਆਂ ਹਨ, ਜਿਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਇਹ ਵਿਚਾਰ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਸੰਪੂਰਨ ਭੋਗ ਮੌਕੇ ਸੰਬੋਧਨ ਕਰਦਿਆਂ ਰੱਖੇ।

ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਹਮਲੇ ਨੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਸੀ। ਉਨ੍ਹਾਂ ਕਿਹਾ ਕਿ ਉਸ ਔਖੇ ਸਮੇਂ ਦੌਰਾਨ ਕੌਮ ਦੇ ਜਰਨੈਲਾਂ ਅਤੇ ਨਿਹੰਗ ਯੋਧਿਆਂ ਨੇ ਅਦੁੱਤੀ ਹਿੰਮਤ, ਦ੍ਰਿੜਤਾ ਅਤੇ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ।



ਫੋਟੋ:ਹਰਸਿਮਰਨ ਸਿੰਘ

ਉਨ੍ਹਾਂ ਕਿਹਾ ਕਿ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਅਤੇ ਉਨ੍ਹਾਂ ਦੇ ਅਨੇਕਾਂ ਸਾਥੀਆਂ ਨੇ ਸਿੱਖ ਪੰਥ ਦੀ ਸ਼ਾਨ ਅਤੇ ਸਨਮਾਨ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਨ੍ਹਾਂ ਦੀਆਂ ਕੁਰਬਾਨੀਆਂ ਸਿੱਖ ਇਤਿਹਾਸ ਦਾ ਅਹਿਮ ਹਿੱਸਾ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਬਣੀਆਂ ਰਹਿਣਗੀਆਂ।

ਸਰਦਾਰ ਕਾਲਕਾ ਨੇ ਕਿਹਾ ਕਿ ਜੂਨ 1984 ਦੇ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਲ-ਨਾਲ ਉਨ੍ਹਾਂ ਸਿੰਘਾਂ ਨੂੰ ਵੀ ਯਾਦ ਕਰਨਾ ਸਾਡੀ ਨੈਤਿਕ ਜ਼ਿੰਮੇਵਾਰੀ ਹੈ, ਜੋ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਆਪਣੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਰਿਹਾਈ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦਾ ਮਾਮਲਾ ਸਿਰਫ਼ ਇੱਕ ਕਾਨੂੰਨੀ ਨਹੀਂ, ਸਗੋਂ ਮਨੁੱਖੀ ਅਤੇ ਨੈਤਿਕ ਪੱਖ ਨਾਲ ਵੀ ਜੁੜਿਆ ਹੋਇਆ ਹੈ।

ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਪੰਥਕ ਮਸਲਿਆਂ ਦੇ ਹੱਲ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਆਪਸੀ ਏਕਤਾ, ਸੰਜੀਦਗੀ ਅਤੇ ਦ੍ਰਿੜ ਸੰਕਲਪ ਨਾਲ ਅੱਗੇ ਵਧਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜਦੋਂ ਕੌਮ ਇਕਜੁੱਟ ਹੋ ਕੇ ਆਪਣੇ ਇਤਿਹਾਸ, ਅਸੂਲਾਂ ਅਤੇ ਅਧਿਕਾਰਾਂ ਦੀ ਰੱਖਿਆ ਲਈ ਯਤਨਸ਼ੀਲ ਰਹੇਗੀ।ਸਰਦਾਰ ਕਾਲਕਾ ਨੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਸਮੁੱਚੀ ਸਿੱਖ ਕੌਮ ਨੂੰ ਚੜ੍ਹਦੀ ਕਲਾ, ਏਕਤਾ ਅਤੇ ਪੰਥਕ ਸੇਵਾ ਦੀ ਤਾਕਤ ਬਖ਼ਸ਼ੀ ਜਾਵੇ।

# ਮਮਤਾ ਖਿਲਾਫ਼ ਐਫ.ਆਈ.ਆਰ ਦਰਜ ! ਭੜਕਾਊ ਟਿੱਪਣੀ ਕਰਨ ਦੇ ਦੋਸ਼ ਵਿੱਚ ਹੋਈ ਕਾਰਵਾਈ

ਕੋਲਕਾਤਾ, 4 ਜੂਨ (ਪ੍ਰਤੀਨਿਧੀ) : : ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਵਿਰੁੱਧ ਕਥਿਤ ਤੌਰ 'ਤੇ ਭੜਕਾਊ ਟਿੱਪਣੀ ਕਰਨ ਦੇ ਦੋਸ਼ ਵਿੱਚ ਉਨ੍ਹਾਂ ਖ਼ਿਲਾਫ਼ ਸਿਲੀਗੁੜੀ ਦੇ ਸਾਈਬਰ ਕ੍ਰਾਈਮ ਥਾਣੇ ਵਿੱਚ ਇੱਕ ਐਫ.ਆਈ.ਆਰ ਦਰਜ ਕੀਤੀ ਗਈ ਹੈ। ਪੁਲਿਸ ਅਨੁਸਾਰ ਇਹ ਮਾਮਲਾ ਇੱਕ ਐਡਵੋਕੇਟ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ।



**ਕੀ ਹੈ ਪੂਰਾ ਵਿਵਾਦ ?**

ਇਹ ਸ਼ਿਕਾਇਤ 2 ਜੂਨ ਨੂੰ ਕੋਲਕਾਤਾ ਦੇ ਰਾਣੀ ਰਸਮਣੀ ਰੋਡ 'ਤੇ ਆਯੋਜਿਤ ਇੱਕ ਵਿਰੋਧ ਸਭਾ ਦੌਰਾਨ ਦਿੱਤੇ ਗਏ ਭਾਸ਼ਣ ਨਾਲ ਸਬੰਧਤ ਹੈ। ਇਸ ਸਭਾ ਵਿੱਚ ਮਮਤਾ ਬੈਨਰਜੀ ਨੇ ਬੰਗਲਾਦੇਸ਼ੀ ਨਾਗਰਿਕ ਉਸਮਾਨ ਹਾਦੀ ਦੀ ਹੱਤਿਆ ਦਾ ਜ਼ਿਕਰ ਕਰਦਿਆਂ ਕਥਿਤ ਤੌਰ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਭੂਮਿਕਾ ਵੱਲ ਇਸ਼ਾਰਾ ਕੀਤਾ ਸੀ।

ਸ਼ਿਕਾਇਤਕਰਤਾ ਐਡਵੋਕੇਟ ਰਿੰਕੀ ਸੇਨ ਚੈਟਰਜੀ ਅਨੁਸਾਰ, ਉਸਮਾਨ ਹਾਦੀ ਦੀ ਹੱਤਿਆ ਪਿਛਲੇ ਸਾਲ ਦਸੰਬਰ ਵਿੱਚ ਬੰਗਲਾਦੇਸ਼ ਵਿੱਚ ਹੋਈ ਸੀ ਅਤੇ ਇਸ ਦੇ ਮੁਲਜ਼ਮਾਂ ਨੂੰ ਬੰਗਾਲ ਦੀ ਸਪੈਸ਼ਲ ਟਾਸਕ ਫੋਰਸ (STF) ਨੇ ਗ੍ਰਿਫ਼ਤਾਰ ਕੀਤਾ ਸੀ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮਮਤਾ ਬੈਨਰਜੀ ਹੁਣ ਇਹ ਦਾਅਵਾ ਕਰ ਰਹੇ ਹਨ ਕਿ ਇਹ ਹੱਤਿਆ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਹੋਈ ਸੀ।

**ਦੇਸ਼ ਦੇ ਅਕਸ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼**

ਸ਼ਿਕਾਇਤਕਰਤਾ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਬਿਆਨ ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਤਣਾਅ ਪੈਦਾ ਕਰ ਸਕਦੇ ਹਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦੇ ਅਕਸ ਨੂੰ ਢਾਹ ਲਾ ਸਕਦੇ ਹਨ। ਇਸ ਤੋਂ ਇਲਾਵਾ ਇਹ ਵੀ ਖਦਸ਼ਾ ਜਤਾਇਆ ਗਿਆ ਹੈ ਕਿ ਅਜਿਹੀਆਂ ਟਿੱਪਣੀਆਂ ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਇੱਕ ਸੰਵਿਧਾਨਕ ਅਹੁਦੇ 'ਤੇ ਰਹਿ ਚੁੱਕੇ ਵਿਅਕਤੀ ਵੱਲੋਂ ਅਜਿਹੇ ਬਿਆਨ ਦੇਣਾ ਕੱਟੜਪੰਥੀ ਤੱਤਾਂ ਨੂੰ ਉਤਸ਼ਾਹਿਤ ਕਰਨ ਦੇ ਬਰਾਬਰ ਹੈ।

### ਸੀਐਸਈਦੀ ਰਿਪੋਰਟ 'ਚ ਵੱਡਾ ਖ਼ੁਲਾਸਾ

# 6 ਸਾਲਾਂ ਤੋਂ ਭਿਆਨਕ 'ਹੀਟ-ਸਟ੍ਰੈਸ' ਦੀ ਗ੍ਰਿਫ਼ਤ 'ਚ 76 ਫ਼ੀਸਦੀ ਹਿੱਸਾ !

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਰਾਜਧਾਨੀ ਦਿੱਲੀ ਇਸ ਵੇਲੇ ਇੱਕ ਭਿਆਨਕ ਹੀਟ ਦਾ ਸਾਹਮਣਾ ਕਰ ਰਹੀ ਹੈ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ (ਸੀਐਸਈ) ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਰਿਪੋਰਟ 'ਮੇਕਿੰਗ ਦਿੱਲੀ ਹੀਟ-ਰੈਜ਼ੀਲੀਐਂਟ' ਮੁਤਾਬਕ, ਦਿੱਲੀ ਦਾ ਲਗਭਗ 76 ਫ਼ੀਸਦੀ ਹਿੱਸਾ ਸਾਲ 2015 ਤੋਂ 2024 ਦਰਮਿਆਨ ਛੇ ਜਾਂ ਇਸ ਤੋਂ ਵੱਧ ਸਾਲਾਂ ਲਈ ਲਗਾਤਾਰ 'ਹੀਟ-ਸਟ੍ਰੈਸ' (ਅਸਹਿ ਤਪਸ਼) ਦੀ ਮਾਰ ਹੇਠ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸ਼ਹਿਰ ਦੇ 98.72 ਫ਼ੀਸਦੀ ਇਲਾਕੇ ਨੇ ਪਿਛਲੇ ਇੱਕ ਦਹਾਕੇ ਵਿੱਚ ਘੱਟੋ-ਘੱਟ ਇੱਕ ਵਾਰ ਇਸ ਖ਼ਤਰਨਾਕ ਤਾਪਮਾਨ ਦੀ ਹੱਦ ਨੂੰ ਪਾਰ ਕੀਤਾ ਹੈ। ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਹਾਲਾਤ ਨਾ ਸੁਧਰੇ ਤਾਂ ਇਸ ਦਹਾਕੇ ਦੇ ਅੰਤ ਤੱਕ ਦੇਸ਼ ਦੀ ਜੀ.ਡੀ.ਪੀ. ਨੂੰ 4.5 ਫ਼ੀਸਦੀ (ਲਗਭਗ 150-250 ਅਰਬ ਡਾਲਰ) ਦਾ ਵੱਡਾ ਆਰਥਿਕ ਨੁਕਸਾਨ ਝੱਲਣਾ ਪੈ ਸਕਦਾ ਹੈ।ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਦਿੱਲੀ ਦੇ 92 ਫ਼ੀਸਦੀ ਉਸਾਰੀ ਅਧੀਨ ਪ੍ਰੋਜੈਕਟ ਅਜਿਹੇ ਇਲਾਕਿਆਂ ਵਿੱਚ ਹਨ ਜਿੱਥੇ ਜ਼ਮੀਨੀ ਸਤ੍ਹਾ ਦਾ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਪਾਰ ਜਾ ਚੁੱਕਾ ਹੈ। ਇਸੇ ਤਰ੍ਹਾਂ ਸ਼ਹਿਰ ਦੇ 84 ਫ਼ੀਸਦੀ ਪ੍ਰਮੁੱਖ ਬਾਜ਼ਾਰ ਤੇ ਮੰਡੀਆਂ, ਅਤੇ 80 ਫ਼ੀਸਦੀ ਸਕੂਲ (ਕੁੱਲ 1,066 ਮੈਪ ਕੀਤੇ ਗਏ ਸਕੂਲ) ਅਜਿਹੇ ਗਰਮ ਖੇਤਰਾਂ ਵਿੱਚ ਸਥਿਤ ਹਨ, ਜਿਸ ਕਾਰਨ ਬੱਚਿਆਂ ਅਤੇ ਮਜ਼ਦੂਰਾਂ ਦੀ ਸਿਹਤ ਸਭ ਤੋਂ ਵੱਧ ਖ਼ਤਰੇ ਵਿੱਚ ਹੈ। ਦਿੱਲੀ ਦੀਆਂ ਝੁੱਗੀ-ਝੌਂਪੜੀਆਂ ਅਤੇ ਗੈਰ-ਕਾਨੂੰਨੀ ਬਸਤੀਆਂ ਵਿੱਚ ਰਹਿਣ ਵਾਲੀ ਲਗਭਗ 13.2 ਲੱਖ ਦੀ ਆਬਾਦੀ ਵੀ ਸਿੱਧੇ ਤੌਰ 'ਤੇ ਇਸ ਤਪਸ਼ ਦਾ ਸ਼ਿਕਾਰ ਹੋ ਰਹੀ ਹੈ। ਇਸ ਰਿਪੋਰਟ ਵਿੱਚ ਇੱਕ ਹੋਰ ਚਿੰਤਾਜਨਕ ਪਹਿਲੂ ਇਹ ਸਾਹਮਣੇ ਆਇਆ ਹੈ ਕਿ ਦਿੱਲੀ ਦੀ ਰਾਤ ਵੇਲੇ ਠੰਢੀ ਹੋਣ ਦੀ ਸਮਰੱਥਾ ਵਿੱਚ 9 ਫ਼ੀਸਦੀ ਦੀ ਕਮੀ ਆਈ ਹੈ। ਕੰਕਰੀਟ ਦੇ ਜੰਗਲ ਬਣ ਚੁੱਕੇ ਕੇਂਦਰੀ ਦਿੱਲੀ ਦੇ ਇਲਾਕੇ, ਪੇਂਡੂ ਜਾਂ ਬਾਹਰੀ ਇਲਾਕਿਆਂ ਦੇ ਮੁਕਾਬਲੇ 3.8 ਡਿਗਰੀ ਸੈਲਸੀਅਸ ਘੱਟ ਠੰਢੇ ਹੋ ਰਹੇ ਹਨ, ਜਿਸ ਕਾਰਨ ਰਾਤ ਵੇਲੇ ਵੀ ਲੋਕਾਂ ਨੂੰ ਗਰਮੀ ਤੋਂ ਰਾਹਤ ਨਹੀਂ ਮਿਲ ਰਹੀ। ਸਾਲ 2025 ਵਿੱਚ ਦਿੱਲੀ ਵਿੱਚ 'ਮਹਿਸੂਸ ਹੋਣ ਵਾਲਾ ਤਾਪਮਾਨ' 52 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ। ਸਾਲ 2024 ਵਿੱਚ ਸਰਕਾਰੀ ਅੰਕੜਿਆਂ ਮੁਤਾਬਕ ਗਰਮੀ ਕਾਰਨ 25 ਮੌਤਾਂ ਹੋਈਆਂ, ਜਦੋਂ ਕਿ ਗੈਰ-ਸਰਕਾਰੀ ਰਿਪੋਰਟਾਂ ਇਹ ਅੰਕੜਾ 55 ਤੋਂ ਪਾਰ ਦੱਸਦੀਆਂ ਹਨ।ਦਿੱਲੀ ਵਿੱਚ ਇਸ ਵਧਦੀ ਤਪਸ਼ ਦਾ ਮੁੱਖ ਕਾਰਨ ਤੇਜ਼ੀ ਨਾਲ ਘਟ ਰਹੀ ਹਰਿਆਵਲ ਹੈ। ਸਾਲ 2014 ਵਿੱਚ ਦਿੱਲੀ ਦਾ ਗ੍ਰੀਨ ਕਵਰ (ਹਰਾ ਖੇਤਰ) 25.36 ਫ਼ੀਸਦੀ ਸੀ, ਜੋ 2024 ਤੱਕ ਘਟ ਕੇ ਮਹਿਜ਼ 14.14 ਫ਼ੀਸਦੀ ਰਹਿ ਗਿਆ ਹੈ। ਪਾਣੀ ਦੇ ਸਰੋਤਾਂ ਦਾ ਦਾਇਰਾ ਵੀ 1.25 ਫ਼ੀਸਦੀ ਤੋਂ ਘਟ ਕੇ 0.99 ਫ਼ੀਸਦੀ ਰਹਿ ਗਿਆ ਹੈ।



# ਬਿਮਾਰ ਪਿਤਾ ਦੀ ਸੇਵਾ ਕਰਨ ਆਇਆ ਪੂਰਾ ਪਰਿਵਾਰ ਹੋਟਲ ਦੀ ਅੱਗ 'ਚ ਸੜਿਆ

## 5 ਮ੍ਰਿਤਕਾਂ ਦਾ ਹੋਵੇਗਾ ਇਕੱਠਾ ਸਸਕਾਰ



ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਹਸਪਤਾਲ 'ਚ ਦਾਖ਼ਲ ਆਪਣੇ ਬਜ਼ੁਰਗ ਪਿਤਾ ਦੀ ਸੇਵਾ ਕਰਨ ਲਈ ਦਿੱਲੀ ਆਇਆ ਇੱਕ ਹੱਸਦਾ-ਵਸਦਾ ਪਰਿਵਾਰ ਇੰਨੀ ਦਰਦਨਾਕ ਮੌਤ ਦਾ ਸ਼ਿਕਾਰ ਹੋ ਜਾਵੇਗਾ। ਮਾਲਵੀਆ ਨਗਰ ਦੇ ਇੱਕ ਹੋਟਲ 'ਫਲੋਰਿਸ਼ ਇਨ' 'ਚ ਲੱਗੀ ਭਿਆਨਕ ਅੱਗ ਨੇ ਅਗਰਵਾਲ ਪਰਿਵਾਰ ਦੀਆਂ ਸਾਰੀਆਂ ਖੁਸ਼ੀਆਂ ਨੂੰ ਕੁਝ ਹੀ ਪਲਾਂ ਵਿੱਚ ਰਾਖ ਕਰ ਦਿੱਤਾ। ਅੱਜ, ਜਦੋਂ ਇਹ ਪਰਿਵਾਰ ਗੁਰੂਗ੍ਰਾਮ ਦੇ ਮੋਕਸ਼ ਧਾਮ 'ਚ ਪੰਜ ਤਤਾਂ 'ਚ ਵਿਲੀਨ ਹੋਵੇਗਾ, ਤਾਂ ਪਿੱਛੇ ਛੱਡ ਜਾਵੇਗਾ ਸਿਰਫ਼ ਅੱਖਾਂ 'ਚ ਹੰਝੂ ਅਤੇ ਕਦੇ ਨਾ ਭੁੱਲਣ ਵਾਲਾ ਦਰਦ।

ਵਿਵੇਕ ਅੱਗਰਵਾਲ, ਉਨ੍ਹਾਂ ਦੀ ਪਤਨੀ ਤਰਜਨੀ, ਦੋ ਮਾਸੂਮ ਧੀਆਂ ਜਿਵੀਸ਼ਾ (ਐਂਜਲ) ਤੇ ਵਾਰਿਆ (ਪਰਲ), ਅਤੇ ਵਿਵੇਕ ਦੀ ਬਜ਼ੁਰਗ ਮਾਂ ਹੇਮ ਲਤਾ—ਇਹ ਉਹ ਪੰਜ ਚਿਰਾਗ ਸਨ ਜੋ ਇੱਕ ਪਲ ਦੀ ਅਣਗਹਿਲੀ ਨੇ ਬੁਝਾ ਦਿੱਤੇ। ਇਹ ਪਰਿਵਾਰ ਉੱਥੇ ਰੁਕਿਆ ਸੀ ਤਾਂ ਜੋ ਉਹ ਆਪਣੇ ਬਿਮਾਰ ਪਿਤਾ ਦੀ ਨੇੜਿਓਂ ਦੇਖਭਾਲ ਕਰ ਸਕਣ। ਪਰ ਉਹ ਹਸਪਤਾਲ ਦੇ ਨੇੜੇ ਬਿਤਾਇਆ ਗਿਆ ਸਮਾਂ ਉਨ੍ਹਾਂ ਦੀ ਜ਼ਿੰਦਗੀ ਦਾ ਆਖ਼ਰੀ ਸਫ਼ਰ ਬਣ ਜਾਵੇਗਾ, ਇਸ ਦਾ ਅੰਦਾਜ਼ਾ ਕਿਸੇ ਨੂੰ ਨਹੀਂ ਸੀ।

ਇਸ ਘਟਨਾ ਦੇ ਦਰਦਨਾਕ ਪਹਿਲੂ ਉਦੋਂ ਸਾਹਮਣੇ ਆਏ ਜਦੋਂ ਰਿਸ਼ਤੇਦਾਰਾਂ ਨੇ ਦੱਸਿਆ ਕਿ ਅੱਗ ਦੀਆਂ ਲਪਟਾਂ ਤੇ ਧੂੰਏਂ ਦੇ ਵਿਚਕਾਰ ਘਿਰੇ ਪਰਿਵਾਰ ਨੇ ਮਦਦ ਲਈ ਮਿੰਨਤਾਂ ਕੀਤੀਆਂ ਸਨ। ਇਮਾਰਤ ਦੇ ਅੰਦਰੋਂ ਆਈਆਂ ਉਨ੍ਹਾਂ ਆਖ਼ਰੀ ਫੋਨ ਕਾਲਾਂ ਦੀ ਆਵਾਜ਼ ਅੱਜ ਵੀ ਰਿਸ਼ਤੇਦਾਰਾਂ ਦੇ ਕੰਨਾਂ 'ਚ ਗੂੰਜ ਰਹੀ ਹੈ। ਉਨ੍ਹਾਂ ਦੀ ਮੌਤ ਸਿਰਫ਼ ਇੱਕ ਹਾਦਸਾ ਨਹੀਂ, ਸਗੋਂ ਉਸ ਸਿਸਟਮ 'ਤੇ ਵੱਡਾ ਸਵਾਲ ਹੈ ਜਿਸ ਨੇ ਇਨ੍ਹਾਂ ਮਾਸੂਮਾਂ ਦੀ ਸੁਰੱਖਿਆ ਨਾਲ ਸਮਝੌਤਾ ਕੀਤਾ।

ਗੁਰੂਗ੍ਰਾਮ ਦੇ ਸੈਕਟਰ 46 ਸਥਿਤ ਜਿਸ ਘਰ 'ਚ ਕਦੇ ਇਨ੍ਹਾਂ ਪੰਜਾਂ ਦੀਆਂ ਆਵਾਜ਼ਾਂ ਗੂੰਜਦੀਆਂ ਸਨ, ਅੱਜ ਉੱਥੇ ਸਿਰਫ਼ ਚੁੱਪ ਅਤੇ ਸੱਥਰ ਵਿਛੇ ਹਨ। ਅੱਜ ਦੁਪਹਿਰ 3 ਵਜੇ ਜਦੋਂ ਸੈਕਟਰ 32 ਦੇ ਮੋਕਸ਼ ਧਾਮ 'ਚ ਇਹ ਪੰਜ ਅਰਥੀਆਂ ਇੱਕਠੀਆਂ ਉੱਠਣਗੀਆਂ, ਤਾਂ ਸ਼ਾਇਦ ਹੀ ਕੋਈ ਅਜਿਹੀ ਅੱਖ ਹੋਵੇਗੀ ਜੋ ਨਮ ਨਾ ਹੋਵੇ। ਦੋਸਤਾਂ, ਗੁਆਂਢੀਆਂ ਅਤੇ ਰਿਸ਼ਤੇਦਾਰਾਂ ਲਈ ਇਹ ਨੁਕਸਾਨ ਪੂਰਾ ਕਰਨਾ ਅਸੰਭਵ ਹੈ।

# ਰਾਜ ਦੇ ਸਾਰੇ ਯੋਗ ਪਰਿਵਾਰਾਂ ਨੂੰ ਰਿਹਾਇਸ਼ ਪ੍ਰਦਾਨ ਕੀਤੀ ਜਾਵੇਗੀ: ਸੈਣੀ

## ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਵਿਜ਼ਨ 2047 ਦੇ ਤਹਿਤ ਅਗਲੇ ਪੰਜ ਸਾਲਾਂ ਲਈ ਹਾਊਸਿੰਗ ਫਾਰ ਆਲ ਵਿਭਾਗ ਦੇ ਰੋਡਮੈਪ ਅਤੇ ਕਾਰਜ ਯੋਜਨਾ 'ਤੇ ਸਮੀਖਿਆ ਮੀਟਿੰਗ ਵਿੱਚ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਦੇ ਹਰੇਕ ਨਿਵਾਸੀ ਨੂੰ ਰਿਹਾਇਸ਼ ਪ੍ਰਦਾਨ ਕਰਨਾ ਸਰਕਾਰ ਦੀਆਂ ਤਰਜੀਹਾਂ ਵਿੱਚੋਂ ਇੱਕ ਹੈ, ਅਤੇ ਮੌਜੂਦਾ ਕੇਂਦਰ ਅਤੇ ਰਾਜ ਸਰਕਾਰਾਂ ਮਿਸ਼ਨ ਮੋਡ ਵਿੱਚ ਇਸ ਕੰਮ 'ਤੇ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਹਾਊਸਿੰਗ ਫਾਰ ਆਲ ਵਿਭਾਗ ਨੂੰ ਬਾਕੀ ਸਾਰੇ ਯੋਗ ਪਰਿਵਾਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਰਿਹਾਇਸ਼ ਪ੍ਰਦਾਨ ਕਰਨ ਲਈ ਇੱਕ ਵਿਸਤ੍ਰਿਤ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਵੀਰਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਵਿਖੇ ਹਰਿਆਣਾ ਵਿਜ਼ਨ 2047 ਦੇ ਤਹਿਤ ਅਗਲੇ ਪੰਜ ਸਾਲਾਂ ਲਈ ਹਾਊਸਿੰਗ ਫਾਰ ਆਲ ਵਿਭਾਗ ਦੇ ਰੋਡਮੈਪ ਅਤੇ ਕਾਰਜ ਯੋਜਨਾ 'ਤੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਇਹ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਅਯੋਗ ਵਿਅਕਤੀ ਜਾਂ



ਫੋਟੋ:ਹਰਸਿਮਰਨ ਸਿੰਘ

ਪਰਿਵਾਰ ਨੂੰ ਯੋਜਨਾ ਦਾ ਲਾਭ ਦਿੱਤਾ ਜਾਂਦਾ ਹੈ, ਤਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਹਾਊਸਿੰਗ ਫਾਰ ਆਲ ਦੇ ਡਾਇਰੈਕਟਰ ਜਨਰਲ ਸ਼੍ਰੀ ਜੇ. ਗਣੇਸ਼ਨ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ), ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ), ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ (ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ), ਮੁੱਖ ਮੰਤਰੀ ਪੇਂਡੂ ਆਵਾਸ ਯੋਜਨਾ (ਮੁੱਖ ਮੰਤਰੀ ਪੇਂਡੂ ਆਵਾਸ ਯੋਜਨਾ 2.0) ਅਤੇ ਲਾਇਸੰਸਸ਼ੁਦਾ ਕਲੋਨੀਆਂ ਵਿੱਚ ਈਡਬਲਯੂਐਸ ਘਰਾਂ ਦੀ ਵੰਡ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਆਦੇਸ਼ਾਂ ਅਨੁਸਾਰ, ਵਿਭਾਗ ਨੇੜਲੇ ਭਵਿੱਖ ਵਿੱਚ ਬਾਕੀ ਰਹਿੰਦੇ ਯੋਗ ਪਰਿਵਾਰਾਂ ਨੂੰ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰਨ ਲਈ ਇੱਕ ਕਾਰਜ ਯੋਜਨਾ ਤਿਆਰ ਕਰ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੰਜ ਯੋਜਨਾਵਾਂ ਤਹਿਤ ਰਾਜ ਦੇ 231,215 ਪਰਿਵਾਰਾਂ ਨੂੰ ਲਗਭਗ ?2,375 ਕਰੋੜ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਇਸ ਤੋਂ ਇਲਾਵਾ, 10,649 ਪਲਾਟ ਅਤੇ ਫਲੈਟ ਵੰਡ ਲਈ ਤਿਆਰ ਹਨ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਇਹ ਪਲਾਟ ਅਤੇ ਫਲੈਟ ਜਲਦੀ ਹੀ ਯੋਗ ਪਰਿਵਾਰਾਂ ਨੂੰ ਅਲਾਟ ਕੀਤੇ ਜਾਣ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਰਕਾਰੀ ਸਹਾਇਤਾ ਰਾਹੀਂ ਹਰੇਕ ਯੋਗ ਪਰਿਵਾਰ ਨੂੰ ਛੱਤ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ, ਪਰ ਇਹ ਵੀ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਇਸ ਯੋਜਨਾ ਦੀ ਦੁਰਵਰਤੋਂ ਨਾ ਹੋਵੇ। ਉਨ੍ਹਾਂ ਕਿਹਾ ਕਿ ਸਾਰੇ ਲਾਭਪਾਤਰੀਆਂ ਦੀ ਸੂਚੀ ਗ੍ਰਾਮ ਪੰਚਾਇਤਾਂ ਵਿੱਚ ਜਨਤਕ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਲਾਭ ਪ੍ਰਾਪਤ ਕਰਨ ਵਾਲੇ ਪਰਿਵਾਰ ਅਸਲ ਵਿੱਚ ਇਸ ਯੋਜਨਾ ਲਈ ਯੋਗ ਸਨ ਜਾਂ ਨਹੀਂ। ਜੇਕਰ ਇਹ ਸਾਬਤ ਹੁੰਦਾ ਹੈ ਕਿ ਅਯੋਗ ਵਿਅਕਤੀਆਂ ਨੂੰ ਇਸ ਯੋਜਨਾ ਦਾ ਲਾਭ ਦਿੱਤਾ ਗਿਆ ਹੈ, ਤਾਂ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਖਾਨਾਬਦੋਸ਼ ਜਾਤੀਆਂ ਦੇ ਅਜਿਹੇ ਗਰੀਬ ਪਰਿਵਾਰਾਂ ਲਈ ਰਜਿਸਟ੍ਰੇਸ਼ਨ ਫੀਸ ਵਿੱਚ ਰਿਆਇਤ ਦੇਣ ਦੇ ਵੀ ਨਿਰਦੇਸ਼ ਦਿੱਤੇ ਜਿਨ੍ਹਾਂ ਦੀ ਆਰਥਿਕ ਸਥਿਤੀ ਮਾੜੀ ਹੈ।

ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ, ਭਵਿੱਖ ਵਿਭਾਗ ਦੇ ਪ੍ਰਮੁੱਖ ਸਕੱਤਰ, ਸ਼੍ਰੀ ਅਰੁਣ ਕੁਮਾਰ ਗੁਪਤਾ, ਹਾਊਸਿੰਗ ਫਾਰ ਆਲ ਦੇ ਡਾਇਰੈਕਟਰ ਜਨਰਲ, ਸ਼੍ਰੀਮਤੀ ਅਮਨੀਤ ਪੀ. ਕੁਮਾਰ, ਮੁੱਖ ਮੰਤਰੀ ਦੇ ਓਐਸਡੀ, ਸ਼੍ਰੀ ਜੇ. ਗਣੇਸ਼ਨ, ਓਐਸਡੀ ਅਤੇ ਗੋਲਡਨ ਜੁਬਲੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾ ਦੇ ਡਾਇਰੈਕਟਰ ਜਨਰਲ, ਡਾ. ਰਾਜ ਨਹਿਰੂ ਸਮੇਤ ਹੋਰ ਅਧਿਕਾਰੀ ਵੀ ਇਸ ਮੌਕੇ ਮੌਜੂਦ ਸਨ।

# ਮੌਜੂਦਾ ਆਰਥਿਕ ਸਥਿਤੀ ਨੂੰ ਲੈ ਕੇ ਘਬਰਾਈ ਹੋਈ ਹੈ ਮੋਦੀ ਸਰਕਾਰ : ਜੈਰਾਮ ਰਮੇਸ਼



ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ): ਕਾਂਗਰਸ ਨੇ ਵੀਰਵਾਰ ਨੂੰ ਦਾਅਵਾ ਕੀਤਾ ਕਿ ਮੋਦੀ ਸਰਕਾਰ ਮੌਜੂਦਾ ਆਰਥਿਕ ਸਥਿਤੀ ਨੂੰ ਲੈ ਕੇ ਘਬਰਾਈ ਹੋਈ ਹੈ ਅਤੇ ਆਪਣੇ ਸਿਸਟਮ ਦੇ ਅੰਦਰੋਂ ਹੀ ਘਿਰ ਚੁੱਕੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਵੀ ਕਿਹਾ ਕਿ ਅਸਲੀ ਸਮੱਸਿਆ ਇਹ ਹੈ ਕਿ ਦੇਸ਼ 'ਚ ਨਿੱਜੀ ਕੰਪਨੀਆਂ ਦਾ ਨਿਵੇਸ਼ ਬੇਹੱਦ ਸੁਸਤ ਹੈ। ਰਮੇਸ਼ ਨੇ ਇਕ ਮੀਡੀਆ ਚੈਨਲ ਦੇ ਦਾਅਵੇ ਦਾ ਹਵਾਲਾ ਦਿੰਦੇ ਹੋਏ ਸਰਕਾਰ 'ਤੇ ਹਮਲਾ ਬੋਲਿਆ। ਚੈਨਲ ਦਾ ਦਾਅਵਾ ਹੈ ਕਿ ਕੇਂਦਰ ਸਰਕਾਰ ਇਨਕਮ ਟੈਕਸ ਐਕਟ 'ਚ ਸੋਧ ਕਰਨ ਵਾਲਾ ਆਰਡੀਨੈਂਸ ਜਾਰੀ ਕਰਨ ਦੀ ਯੋਜਨਾ ਬਣਾ ਰਹੀ ਹੈ, ਜਿਸ ਦੇ ਅਧੀਨ ਵਿਦੇਸ਼ੀ ਨਿਵੇਸ਼ਕਾਂ (ਐੱਫਪੀਆਈ) ਵਲੋਂ ਭਾਰਤੀ ਸਰਕਾਰੀ ਪ੍ਰਤੀਭੂਤੀਆਂ 'ਚ ਕੀਤੇ ਗਏ ਨਿਵੇਸ਼ 'ਤੇ ਲੱਗਣ ਵਾਲੇ 12.5 ਫੀਸਦੀ ਲੰਬੇ ਸਮੇਂ ਪੂੰਜੀਗਤ ਲਾਭ ਟੈਕਸ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇਗਾ।ਕਾਂਗਰਸ ਨੇਤਾ ਨੇ 'ਐਕਸ' 'ਤੇ ਪੋਸਟ ਕੀਤਾ,''ਮੋਦੀ ਸਰਕਾਰ ਸਪੱਸ਼ਟ ਰੂਪ ਨਾਲ ਘਬਰਾਹਟ 'ਚ ਹੈ ਅਤੇ ਮੌਜੂਦਾ ਆਰਥਿਕ ਸਥਿਤੀ ਨੂੰ ਲੈ ਕੇ ਆਪਣੇ ਤੰਤਰ ਦੇ ਅੰਦਰ ਤੋਂ ਹੀ ਘਿਰ ਚੁੱਕੀ ਹੈ।'' ਉਨ੍ਹਾਂ ਨੇ ਦਾਅਵਾ ਕੀਤਾ ਕਿ ਅਸਲੀ ਸਮੱਸਿਆ ਇਹ ਹੈ ਕਿ ਭਾਰਤ 'ਚ ਨਿੱਜੀ ਕੰਪਨੀਆਂ ਦਾ ਨਿਵੇਸ਼ ਬੇਹੱਦ ਸੁਸਤ ਹੈ। ਰਮੇਸ਼ ਨੇ ਕਿਹਾ ਕਿ ਜੋ ਲੋਕ ਭਾਰਤ 'ਚ ਨਿਵੇਸ਼ ਕਰ ਸਕਦੇ ਹਨ ਅਤੇ ਜਿਨ੍ਹਾਂ ਨੂੰ ਕਰਨਾ ਹੀ ਚਾਹੀਦਾ, ਉਹ ਜਾਂ ਤਾਂ ਵਿਦੇਸ਼ਾਂ 'ਚ ਨਿਵੇਸ਼ ਕਰ ਰਹੇ ਹਨ ਜਾਂ ਘਰੇਲੂ ਨਿਵੇਸ਼ ਨੂੰ ਮੁਲਤਵੀ ਕਰ ਰਹੇ ਹਨ। ਰਮੇਸ਼ ਦਾ ਕਹਿਣਾ ਹੈ,''ਕੰਪਨੀਆਂ ਦੀ ਆਮਦਨ ਰਿਕਾਰਡ ਉੱਚਾਈ 'ਤੇ ਹੈ ਪਰ ਫਿਰ ਵੀ ਜੀਡੀਪੀ ਦੇ ਫੀਸਦੀ ਦੇ ਰੂਪ 'ਚ ਨਿੱਜੀ ਕੰਪਨੀਆਂ ਦੀ ਨਿਵੇਸ਼ ਦੀ ਦਰ 'ਚ ਬਹੁਤ ਗਿਰਾਵਟ ਆਈ ਹੈ। ਆਰਡੀਨੈਂਸ ਸੁਰਖੀਆਂ ਬਟੋਰ ਸਕਦੇ ਹਨ ਪਰ ਨਿੱਜੀ ਕੰਪਨੀਆਂ ਦੇ ਨਿਵੇਸ਼ ਦੇ ਢਾਂਚਾਗਤ ਕਾਰਨਾਂ ਨੂੰ ਦੂਰ ਕਰਨ ਵਿਕਲਪ ਨਹੀਂ ਹੈ।''

# ਮੁੱਖ ਮੰਤਰੀ ਸੈਣੀ ਨੇ ਮਾਰਚ 2027 ਤੱਕ ਹਰੇਕ 12 ਫੁੱਟ ਸੜਕ ਨੂੰ 18 ਫੁੱਟ ਤੱਕ ਚੌੜਾ ਕਰਨ ਦੇ ਨਿਰਦੇਸ਼ ਦਿੱਤੇ

## ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਵਿਜ਼ਨ 2047 ਦੇ ਤਹਿਤ ਅਗਲੇ ਪੰਜ ਸਾਲਾਂ ਲਈ ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ.) ਵਿਭਾਗ ਦੇ ਰੋਡਮੈਪ ਅਤੇ ਕਾਰਜ ਯੋਜਨਾ ਦੀ ਸਮੀਖਿਆ ਮੀਟਿੰਗ ਵਿੱਚ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ।

ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਿਰਦੇਸ਼ ਦਿੱਤੇ ਹਨ ਕਿ ਪਹਿਲਾਂ ਕੀਤੇ ਐਲਾਨ ਦੇ ਅਨੁਸਾਰ, ਰਾਜ ਵਿੱਚ ਸਾਰੀਆਂ 12 ਫੁੱਟ ਸੜਕਾਂ ਨੂੰ 18 ਫੁੱਟ ਤੱਕ ਚੌੜਾ ਕਰਨ ਦਾ ਕੰਮ ਮਾਰਚ 2027 ਤੱਕ ਪੂਰਾ ਕੀਤਾ ਜਾਵੇ। ਮੁੱਖ ਮੰਤਰੀ ਨੇ ਇਹ ਨਿਰਦੇਸ਼ ਵੀਰਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਵਿਖੇ ਹਰਿਆਣਾ ਵਿਜ਼ਨ 2047 ਦੇ ਤਹਿਤ ਅਗਲੇ ਪੰਜ ਸਾਲਾਂ ਲਈ ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ.) ਵਿਭਾਗ ਦੇ ਰੋਡਮੈਪ ਅਤੇ ਕਾਰਜ ਯੋਜਨਾ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਜਾਰੀ ਕੀਤੇ।

ਮੁੱਖ ਮੰਤਰੀ ਨੇ ਕਿਹਾ ਕਿ ਜਨਤਾ ਦੀ ਸਹੂਲਤ ਲਈ, ਇਹ ਜ਼ਰੂਰੀ ਹੈ ਕਿ ਸੜਕਾਂ ਚੰਗੀ ਹਾਲਤ ਵਿੱਚ ਅਤੇ ਢੁਕਵੀਂ ਚੌੜਾਈ ਵਾਲੀਆਂ ਹੋਣ।

ਇਸ ਨੂੰ ਪ੍ਰਾਪਤ ਕਰਨ ਲਈ, ਮੁੱਖ ਮੰਤਰੀ ਦੇ ਪਹਿਲਾਂ ਕੀਤੇ ਐਲਾਨ ਦੇ ਅਨੁਸਾਰ, ਰਾਜ ਦੀਆਂ ਸਾਰੀਆਂ 12 ਫੁੱਟ ਸੜਕਾਂ ਦੀ ਚੌੜਾਈ 18 ਫੁੱਟ ਤੱਕ ਵਧਾਈ ਜਾਣੀ ਚਾਹੀਦੀ ਹੈ। ਇਹ ਕੰਮ ਇਸ ਵਿੱਤੀ ਸਾਲ ਦੇ ਅੰਤ ਤੋਂ ਪਹਿਲਾਂ ਪੂਰਾ ਹੋ ਜਾਣਾ ਚਾਹੀਦਾ ਹੈ।

ਇਸ ਕੰਮ ਦੀ ਸਥਿਤੀ ਬਾਰੇ ਪੁੱਛਣ 'ਤੇ, ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਵੇਲੇ ਰਾਜ ਵਿੱਚ 3,240 ਕਿਲੋਮੀਟਰ ਲਿੰਕ ਸੜਕਾਂ 12 ਫੁੱਟ ਚੌੜੀਆਂ ਹਨ ਅਤੇ ਇਨ੍ਹਾਂ ਨੂੰ 18 ਫੁੱਟ ਤੱਕ ਚੌੜਾ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚੋਂ 1,696 ਕਿਲੋਮੀਟਰ ਸੜਕਾਂ 'ਤੇ ਚੌੜਾ ਕਰਨ ਦਾ ਕੰਮ ਚੱਲ ਰਿਹਾ ਹੈ, ਅਤੇ ਬਾਕੀ 1,544 ਕਿਲੋਮੀਟਰ ਨੂੰ ਇਸ ਸਾਲ 18 ਫੁੱਟ ਤੱਕ ਚੌੜਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਬਣ ਰਹੀਆਂ ਸੜਕਾਂ ਦੀ ਗੁਣਵੱਤਾ 'ਤੇ ਜ਼ੋਰ ਦਿੱਤਾ, ਜਿਸ ਵਿੱਚ ਸਾਈਨ ਬੋਰਡ, ਬਰਮ ਅਤੇ ਚਿੱਟੀਆਂ ਧਾਰੀਆਂ ਲਗਾਉਣਾ ਸ਼ਾਮਲ ਹੈ।

ਮੁੱਖ ਮੰਤਰੀ ਨੇ ਸ਼ਹਿਰੀ ਖੇਤਰਾਂ ਵਿੱਚ ਧੂੜ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਸੜਕਾਂ ਦੇ ਨਾਲ-ਨਾਲ ਪੇਵਰ ਬਲਾਕ ਜਾਂ ਘਾਹ ਦੀ ਵਰਤੋਂ ਕਰਨ ਦੀ ਵੀ ਤਾਕੀਦ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਪਹਿਲੇ ਪੜਾਅ ਲਈ ਛੇ ਸ਼ਹਿਰੀ ਖੇਤਰਾਂ ਵਿੱਚ 368 ਕਿਲੋਮੀਟਰ ਤੱਕ ਫੈਲੀਆਂ 138 ਸੜਕਾਂ ਦੀ ਪਛਾਣ ਕੀਤੀ ਗਈ ਹੈ। ਇਸ ਪਹਿਲਕਦਮੀ ਤਹਿਤ, ਸੋਨੀਪਤ, ਫਰੀਦਾਬਾਦ, ਗੁਰੂਗ੍ਰਾਮ, ਪਾਣੀਪਤ, ਰੋਹਤਕ ਅਤੇ ਕਰਨਾਲ ਜ਼ਿਲ੍ਹਿਆਂ ਵਿੱਚ ਸੜਕਾਂ ਦੇ ਨਾਲ-ਨਾਲ ਟਾਈਲਾਂ ਅਤੇ ਹਰੇ ਭਰੇ ਖੇਤਰ ਵਿਕਸਤ ਕੀਤੇ ਜਾਣਗੇ। ਮੁੱਖ ਮੰਤਰੀ ਨੇ ਨਵੰਬਰ 2027 ਤੱਕ ਇਸ ਕੰਮ ਨੂੰ ਪੂਰਾ ਕਰਨ ਦਾ ਟੀਚਾ ਰੱਖਿਆ।

ਰਾਜ ਵਿੱਚ ਡੀਮੈਨਡ ਰੇਲਵੇ ਕਰਾਸਿੰਗਾਂ ਲਈ ਕੀਤੇ ਜਾ ਰਹੇ ਕੰਮ ਦੀ ਸਮੀਖਿਆ ਦੌਰਾਨ, ਅਧਿਕਾਰੀਆਂ ਨੇ ਦੱਸਿਆ ਕਿ ਇਹ ਕੰਮ ਵੱਖ-ਵੱਖ ਵਿਭਾਗਾਂ ਅਤੇ ਰੇਲਵੇ ਦੁਆਰਾ ਕੀਤਾ ਜਾ ਰਿਹਾ ਹੈ। ਕੁਝ ਥਾਵਾਂ 'ਤੇ, ਰੇਲਵੇ ਇਜਾਜ਼ਤ ਮੁੱਦਿਆਂ ਕਾਰਨ ਕੰਮ ਰੁਕਿਆ ਹੋਇਆ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਉਨ੍ਹਾਂ ਖੇਤਰਾਂ ਦੀ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਜਿੱਥੇ ਰੇਲਵੇ ਇਜਾਜ਼ਤ ਮੁੱਦਿਆਂ ਕਾਰਨ ਕੰਮ ਰੁਕਿਆ ਹੋਇਆ ਹੈ। ਉਨ੍ਹਾਂ ਨੇ ਇਨ੍ਹਾਂ ਰੁਕਾਵਟਾਂ ਨੂੰ ਹੱਲ ਕਰਨ ਲਈ ਨਿੱਜੀ ਤੌਰ 'ਤੇ ਰੇਲਵੇ ਮੰਤਰੀ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਇਹ ਵੀ ਤਾਕੀਦ ਕੀਤੀ ਕਿ ਵਿਭਾਗੀ ਕੰਮ ਨੂੰ ਪਹਿਲ ਦੇ ਆਧਾਰ 'ਤੇ ਤੇਜ਼ੀ ਨਾਲ ਪੂਰਾ ਕੀਤਾ ਜਾਵੇ।

ਬਾਈਪਾਸ ਨਿਰਮਾਣ ਦੀ ਸਮੀਖਿਆ

ਮੁੱਖ ਮੰਤਰੀ ਨੇ ਜਨਤਕ ਸਹੂਲਤ ਲਈ ਰਾਜ ਵਿੱਚ ਬਣਾਏ ਜਾ ਰਹੇ ਸਾਰੇ ਬਾਈਪਾਸਾਂ ਦੇ ਨਿਰਮਾਣ ਦਾ ਵੀ ਜਾਇਜ਼ਾ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਰਾਜ ਵਿੱਚ ਨਿਰਮਾਣ ਅਧੀਨ 17 ਬਾਈਪਾਸਾਂ ਵਿੱਚੋਂ ਚਾਰ ਪੂਰੇ ਹੋ ਗਏ ਹਨ, ਕੁਝ ਹੋਰਾਂ 'ਤੇ ਕੰਮ ਚੱਲ ਰਿਹਾ ਹੈ, ਅਤੇ ਕੁਝ ਥਾਵਾਂ 'ਤੇ ਜ਼ਮੀਨ ਦੀ ਘਾਟ ਇੱਕ ਸਮੱਸਿਆ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਜ਼ਮੀਨ ਪ੍ਰਾਪਤੀ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਵਿੱਚ ਬਣੇ ਐਲੀਵੇਟਿਡ ਟਰੈਕ ਹੇਠ ਹਲਕੇ ਵਾਹਨਾਂ ਲਈ ਸੜਕ ਬਣਾਉਣ ਲਈ ਇੱਕ ਪ੍ਰਸਤਾਵ ਤਿਆਰ ਕੀਤਾ ਜਾਣਾ ਚਾਹੀਦਾ ਹੈ।

2028 ਤੱਕ ਹਰ ਇਮਾਰਤ 'ਤੇ ਸੋਲਰ ਪੈਨਲ ਲਗਾਏ ਜਾਣਗੇ

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਦੀਆਂ ਸਾਰੀਆਂ ਸਰਕਾਰੀ ਇਮਾਰਤਾਂ, ਗੋਦਾਮਾਂ, ਮਾਰਕੀਟ ਕਮੇਟੀ ਸ਼ੈੱਡਾਂ ਅਤੇ ਸਾਰੇ ਘਰਾਂ 'ਤੇ ਸੋਲਰ ਪੈਨਲ ਲਗਾਉਣ ਲਈ ਇੱਕ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਰਾਜ ਨੂੰ ਬਾਹਰੋਂ ਬਿਜਲੀ ਖਰੀਦਣ ਦੀ ਜ਼ਰੂਰਤ ਨਾ ਪਵੇ। ਉਨ੍ਹਾਂ ਕਿਹਾ ਕਿ 2028 ਤੱਕ, ਰਾਜ ਵਿੱਚ ਇੱਕ ਵੀ ਇਮਾਰਤ ਸੋਲਰ ਪੈਨਲਾਂ ਤੋਂ ਬਿਨਾਂ ਨਹੀਂ ਰਹਿਣੀ ਚਾਹੀਦੀ। ਇਸ ਨੂੰ ਪ੍ਰਾਪਤ ਕਰਨ ਲਈ, ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਅਤੇ ਨਿੱਜੀ ਕੰਪਨੀਆਂ ਤੋਂ ਸਹਾਇਤਾ ਮੰਗੀ ਜਾਣੀ ਚਾਹੀਦੀ ਹੈ। ਇਸ ਲਈ, ਜਨਤਾ ਨੂੰ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਵੱਖਰੀਆਂ ਸਬਸਿਡੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅਧਿਕਾਰੀਆਂ ਨੂੰ ਉਦਯੋਗਿਕ ਇਕਾਈਆਂ ਵਿੱਚ ਸੋਲਰ ਪੈਨਲ ਲਗਾਉਣ ਲਈ ਇੱਕ ਆਕਰਸ਼ਕ ਯੋਜਨਾ ਵਿਕਸਤ ਕਰਨ ਅਤੇ ਬਿਲਡਿੰਗ ਕੋਡਾਂ ਵਿੱਚ ਜ਼ਰੂਰੀ ਸੋਧਾਂ ਕਰਨ ਦੇ ਵੀ ਨਿਰਦੇਸ਼ ਦਿੱਤੇ।

ਹਰ 50 ਕਿਲੋਮੀਟਰ 'ਤੇ ਇੱਕ ਈਵੀ ਚਾਰਜਿੰਗ ਸਟੇਸ਼ਨ ਲਗਾਇਆ ਜਾਵੇਗਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਵਿੱਚ ਨਵੀਆਂ ਬਣੀਆਂ ਸਾਰੀਆਂ ਸਰਕਾਰੀ ਇਮਾਰਤਾਂ ਵਿੱਚ ਈਵੀ ਚਾਰਜਿੰਗ ਸਟੇਸ਼ਨ ਹੋਣੇ ਚਾਹੀਦੇ ਹਨ, ਜਿਸ ਲਈ ਕੇਂਦਰ ਸਰਕਾਰ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਈਵੀ ਵਾਹਨਾਂ ਵਿੱਚ ਜਨਤਾ ਦੀ ਦਿਲਚਸਪੀ ਵਧਾਉਣ ਲਈ ਸੂਬੇ ਵਿੱਚ ਹਰ 50 ਕਿਲੋਮੀਟਰ ਦੇ ਅੰਦਰ ਘੱਟੋ-ਘੱਟ ਇੱਕ ਈਵੀ ਚਾਰਜਿੰਗ ਸਟੇਸ਼ਨ ਹੋਣਾ ਚਾਹੀਦਾ ਹੈ। ਉਨ੍ਹਾਂ ਸਾਰੀਆਂ ਇਮਾਰਤਾਂ ਵਿੱਚ ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀਆਂ ਸਥਾਪਤ ਕਰਨ ਦੀ ਯੋਜਨਾ ਵਿਕਸਤ ਕਰਨ ਦੇ ਵੀ ਨਿਰਦੇਸ਼ ਦਿੱਤੇ।

ਜ਼ਿਲ੍ਹਿਆਂ ਵਿੱਚ ਨਵੇਂ ਰੈਸਟ ਹਾਊਸ ਬਣਾਏ ਜਾਣਗੇ

ਕੁਰੂਕਸ਼ੇਤਰ ਅਤੇ ਹੋਰ ਜ਼ਿਲ੍ਹਿਆਂ ਵਿੱਚ ਨਵੇਂ ਰੈਸਟ ਹਾਊਸਾਂ ਦੀ ਉਸਾਰੀ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 15 ਅਗਸਤ ਨੂੰ ਸੂਬੇ ਭਰ ਵਿੱਚ ਨਵੇਂ ਰੈਸਟ ਹਾਊਸਾਂ ਦਾ ਨੀਂਹ ਪੱਥਰ ਇੱਕੋ ਸਮੇਂ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਵਿੱਚ 78 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਨਵਾਂ ਰੈਸਟ ਹਾਊਸ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਹੋਰ ਵਿਭਾਗੀ ਕਾਰਜ ਯੋਜਨਾਵਾਂ ਨੂੰ ਲਾਗੂ ਕਰਨ ਸੰਬੰਧੀ ਅਧਿਕਾਰੀਆਂ ਨੂੰ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਇਸ ਮੌਕੇ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ਼੍ਰੀ ਅਰੁਣ ਕੁਮਾਰ ਗੁਪਤਾ, ਪੀ.ਡਬਲਯੂ.ਡੀ. ਬੀ ਐਂਡ ਆਰ. ਦੇ ਵਧੀਕ ਮੁੱਖ ਸਕੱਤਰ ਸ਼੍ਰੀ ਏ.ਕੇ. ਸਿੰਘ, ਭਵਿੱਖ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀਮਤੀ ਅਮਾਨਿਤ ਪੀ. ਕੁਮਾਰ, ਮੁੱਖ ਮੰਤਰੀ ਦੇ ਓ.ਐਸ.ਡੀ. ਸ਼੍ਰੀ ਭਾਰਤ ਭੂਸ਼ਣ ਭਾਰਤੀ ਅਤੇ ਗੋਲਡਨ ਜੁਬਲੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਦੇ ਓ.ਐਸ.ਡੀ ਅਤੇ ਡਾਇਰੈਕਟਰ ਜਨਰਲ ਡਾ. ਰਾਜ ਨਹਿਰੂ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਲੰਬੀ ਮੁਕੱਦਮੇਬਾਜ਼ੀ ਖ਼ਤਮ ਕਰ ਦਿੰਦੀ ਹੈ ਰਿਸ਼ਤਾ: ਸੁਪਰੀਮ ਕੋਰਟ

## 'ਪਤਨੀ ਵਲੋਂ ਸਰੀਰਕ ਸਬੰਧ ਬਣਾਉਣ ਤੋਂ ਇਨਕਾਰ ਕਰਨਾ ਮਾਨਸਿਕ ਤਸ਼ੱਦਦ ਹੈ'



ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ): ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿਚ 15 ਸਾਲਾਂ ਤੋਂ ਵੱਖ ਰਹਿ ਰਹੇ ਇਕ ਡਾਕਟਰ ਜੋੜੇ ਦੇ ਵਿਆਹ ਨੂੰ ਭੰਗ ਕਰ ਦਿਤਾ ਹੈ। ਅਦਾਲਤ ਨੇ ਸਾਫ਼ ਕਿਹਾ ਕਿ ਮਗਰਮੱਛ ਦੇ ਹੰਝੂ ਵਹਾਉਣ ਜਾਂ ਲੰਮੇ ਸਮੇਂ ਤਕ ਅਦਾਲਤੀ ਕੇਸਾਂ ਨੂੰ ਖਿੱਚਣ ਨਾਲ ਵਿਆਹ ਸਿਰਫ਼ ਕਾਗਜ਼ਾਂ ਤਕ ਹੀ ਸੀਮਤ ਰਹਿ ਜਾਂਦਾ ਹੈ।

ਜਸਟਿਸ ਸੰਜੇ ਕਰੋਲ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਰਾਜਸਥਾਨ ਹਾਈ ਕੋਰਟ ਦੇ ਤਲਾਕ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਹਾਈ ਕੋਰਟ ਨੇ ਪਤੀ ਦੇ ਪੱਖ ਵਿਚ ਤਲਾਕ ਇਸ ਅਧਾਰ 'ਤੇ ਦਿੱਤਾ ਸੀ ਕਿ ਪਤਨੀ ਵਲੋਂ ਸਰੀਰਕ ਸਬੰਧ ਬਣਾਉਣ ਤੋਂ ਇਨਕਾਰ ਕਰਨਾ ਮਾਨਸਿਕ ਤਸ਼ੱਦਦ ਹੈ।

ਸੁਪਰੀਮ ਕੋਰਟ ਨੇ ਟਿਪਣੀ ਕਰਦਿਆਂ ਕਿਹਾ, "ਭਾਰਤ ਦੀਆਂ ਅਦਾਲਤਾਂ ਨੇ ਵਾਰ-ਵਾਰ ਇਹ ਸਪੱਸ਼ਟ ਕੀਤਾ ਹੈ ਕਿ ਸਰੀਰਕ ਨੇੜਤਾ ਨੂੰ ਰੋਕਣਾ ਗੰਭੀਰ ਭਾਵਨਾਤਮਕ ਪ੍ਰੇਸ਼ਾਨੀ ਪੈਦਾ ਕਰਦਾ ਹੈ ਅਤੇ ਵਿਆਹ ਦੀ ਨੀਂਹ ਨੂੰ ਕਮਜ਼ੋਰ ਕਰਦਾ ਹੈ।'' ਅਦਾਲਤ ਨੇ ਸੰਵਿਧਾਨ ਦੀ ਧਾਰਾ 142 ਦੀ ਵਰਤੋਂ ਕਰਦਿਆਂ ਕਿਹਾ ਕਿ ਇਸ ਰਿਸ਼ਤੇ ਵਿਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਬਚੀ ਸੀ।

ਬੈਂਚ ਨੇ ਕਿਹਾ, "ਲੰਮੇ ਸਮੇਂ ਤਕ ਵਿਆਹੁਤਾ ਰਿਸ਼ਤੇ ਨੂੰ ਖਿੱਚਣਾ ਸਿਰਫ਼ ਇਕ ਮਰੇ ਹੋਏ ਰਿਸ਼ਤੇ ਵਿਚ ਨਿਰਾਸ਼ਾ ਨੂੰ ਵਧਾਏਗਾ, ਜੋ ਦਿਨ-ਬ-ਦਿਨ ਸੜ ਰਿਹਾ ਹੈ ਅਤੇ ਸਮਾਜਕ , ਮਨੋਵਿਗਿਆਨਕ ਅਤੇ ਮਾਨਸਿਕ ਖੋਖਲਾਪਣ ਪੈਦਾ ਕਰ ਰਿਹਾ ਹੈ।'' ਅਦਾਲਤ ਮੁਤਾਬਕ ਅਜਿਹੀ ਸਥਿਤੀ ਵਿਚ ਵਿਆਹੁਤਾ ਸਬੰਧਾਂ ਨੂੰ ਖ਼ਤਮ ਕਰਨਾ ਹੀ ਦੋਹਾਂ ਧਿਰਾਂ ਅਤੇ ਸਮਾਜ ਦੇ ਹਿੱਤ ਵਿਚ ਹੈ।

# ਔਰਤਾਂ, ਬੱਚਿਆਂ ਦੇ ਪੋਸ਼ਣ ਦੇ ਅਸਫਲ ਰਹਿਣ ਵਾਲੇ ਅੰਕੜਿਆਂ ਨੂੰ ਲੁਕਾ ਰਹੀ ਸਰਕਾਰ : ਖੜਗੇ

ਨਵੀਂ ਦਿੱਲੀ , 4 ਜੂਨ (ਪ੍ਰਤੀਨਿਧੀ) : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕੇਂਦਰ ਸਰਕਾਰ 'ਤੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਦੇ ਮੁੱਦਿਆਂ 'ਤੇ ਅਸਫਲ ਰਹਿਣ ਦਾ ਦੋਸ਼ ਲਗਾਇਆ। ਸ਼੍ਰੀ ਖੜਗੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ



ਕਿ ਦੇਸ਼ ਵਿੱਚ ਪੰਜ ਵਿੱਚੋਂ ਇੱਕ ਬੱਚਾ ਗੰਭੀਰ ਕੁਪੋਸ਼ਣ ਤੋਂ ਪੀੜਤ ਹੈ। ਇੱਕ ਤਿਹਾਈ ਬੱਚੇ ਘੱਟ ਭਾਰ ਵਾਲੇ ਹਨ, ਛੇ ਤੋਂ 23 ਮਹੀਨਿਆਂ ਦੀ ਉਮਰ ਦੇ 84 ਪ੍ਰਤੀਸ਼ਤ ਤੋਂ ਵੱਧ ਬੱਚਿਆਂ ਨੂੰ ਢੁਕਵਾਂ ਪੋਸ਼ਣ ਨਹੀਂ ਮਿਲ ਰਿਹਾ ਹੈ ਅਤੇ 15 ਤੋਂ 49 ਸਾਲ ਦੀ ਉਮਰ ਦੀਆਂ 57 ਪ੍ਰਤੀਸ਼ਤ ਔਰਤਾਂ ਅਨੀਮੀਆ ਤੋਂ ਪੀੜਤ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਮੋਦੀ ਸਰਕਾਰ ਜਾਣਬੁੱਝ ਕੇ ਮਹੱਤਵਪੂਰਨ ਡੇਟਾ ਨੂੰ ਛੁਪਾ ਰਹੀ ਹੈ, ਜੋ ਆਪਣੀਆਂ ਅਸਫਲਤਾਵਾਂ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ NFHS- 6 ਦੇ ਡੇਟਾ ਨੇ ਭਾਰਤੀ ਜਨਤਾ ਪਾਰਟੀ ਦੀ ਅਯੋਗਤਾ ਨੂੰ ਉਜਾਗਰ ਕੀਤਾ ਹੈ।

ਸ਼੍ਰੀ ਖੜਗੇ ਨੇ ਦੋਸ਼ ਲਗਾਇਆ ਕਿ ਸਰਕਾਰ ਚੋਣਵੇਂ ਡੇਟਾ ਨੂੰ ਦਬਾਉਣ, ਕਮਜ਼ੋਰ ਸਮੂਹਾਂ ਨੂੰ ਨਜ਼ਰਅੰਦਾਜ਼ ਕਰਨ, ਪ੍ਰਚਾਰ ਰਾਹੀਂ ਇੱਕ ਸਕਾਰਾਤਮਕ ਅਕਸ ਪੇਸ਼ ਕਰਨ, ਅਸਲ ਸਥਿਤੀ ਤੋਂ ਧਿਆਨ ਹਟਾਉਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਕਸ ਨੂੰ ਬਚਾਉਣ ਦੀਆਂ ਰਣਨੀਤੀਆਂ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦੇਸ਼ ਦੇ ਬੱਚਿਆਂ ਅਤੇ ਔਰਤਾਂ ਦੀ ਸਿਹਤ ਅਤੇ ਪੋਸ਼ਣ ਵਰਗੇ ਗੰਭੀਰ ਮੁੱਦਿਆਂ 'ਤੇ ਜਵਾਬਦੇਹ ਹੋਣਾ ਚਾਹੀਦਾ ਹੈ ਅਤੇ ਸਾਰੇ ਅੰਕੜੇ ਜਨਤਕ ਕਰਕੇ ਅਸਲ ਸਥਿਤੀ ਪੇਸ਼ ਕਰਨੀ ਚਾਹੀਦੀ ਹੈ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

# ਮੁੱਖ ਮੰਤਰੀ ਸੈਣੀ ਨੇ ਸਾਰੇ ਵਿਭਾਗਾਂ ਨੂੰ ਆਪਣਾ 5 ਸਾਲਾ ਰੋਡਮੈਪ ਏਆਈ ਟੂਲ 'ਤੇ ਅਪਲੋਡ ਕਰਨ ਦੇ ਨਿਰਦੇਸ਼ ਦਿੱਤੇ

ਨਵੀਂ ਦਿੱਲੀ, 4 ਜੂਨ (ਅੰਮ੍ਰਿਤਪਾਲ ਸਿੰਘ) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਰੇ ਵਿਭਾਗਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਹਰਿਆਣਾ ਵਿਜ਼ਨ 2047 ਦੇ ਤਹਿਤ ਅਗਲੇ ਪੰਜ ਸਾਲਾਂ ਲਈ ਆਪਣਾ ਰੋਡਮੈਪ ਅਤੇ ਕਾਰਜ ਯੋਜਨਾ ਇਸ ਉਦੇਸ਼ ਲਈ ਵਿਕਸਤ ਕੀਤੇ ਗਏ ਏਆਈ ਟੂਲ 'ਤੇ ਅਪਲੋਡ ਕਰਨ ਤਾਂ ਜੋ ਉਹ ਖੁਦ ਇੱਕ ਵਿਆਪਕ ਸਮੀਖਿਆ ਕਰ ਸਕਣ।

ਮੁੱਖ ਮੰਤਰੀ ਨੇ ਇਹ ਨਿਰਦੇਸ਼ ਵੀਰਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਵਿਖੇ ਹਰਿਆਣਾ ਵਿਜ਼ਨ 2047 ਦੇ ਤਹਿਤ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਅਗਲੇ ਪੰਜ ਸਾਲਾ ਰੋਡਮੈਪ ਅਤੇ ਕਾਰਜ ਯੋਜਨਾ 'ਤੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਜਾਰੀ ਕੀਤੇ। ਉਨ੍ਹਾਂ ਨੇ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਪੁਲਿਸ ਕਰਮਚਾਰੀਆਂ ਲਈ ਲੋੜੀਂਦੀ ਗਿਣਤੀ ਵਿੱਚ ਉੱਚ-ਗੁਣਵੱਤਾ ਵਾਲੇ ਘਰ ਬਣਾਉਣ ਲਈ ਇੱਕ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਵਿਭਾਗਾਂ ਦੀ ਅਗਲੀ ਪੰਜ ਸਾਲਾ ਐਕਸ਼ਨ ਯੋਜਨਾ ਏਆਈ ਟੂਲ 'ਤੇ ਅਪਲੋਡ ਕੀਤੀ ਜਾਵੇਗੀ ਅਤੇ ਸਮੀਖਿਆ ਕੀਤੀ ਜਾਵੇਗੀ, ਅਤੇ ਹਰ ਵਿਭਾਗ ਵਿਕਸਤ ਦੇਸ਼ਾਂ ਦੇ ਅਨੁਸਾਰ ਇੱਕ ਵਿਕਸਤ ਭਾਰਤ ਲਈ ਤਿਆਰ ਕੀਤਾ ਜਾਵੇਗਾ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਆਪਣੀ ਸਾਲਾਨਾ ਕਾਰਜ ਯੋਜਨਾ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਹਰ ਤਿਮਾਹੀ ਵਿੱਚ ਕੀਤੇ ਜਾਣ ਵਾਲੇ ਕੰਮ ਦਾ ਵੇਰਵਾ ਦਿੱਤਾ ਗਿਆ ਹੋਵੇ।



ਮੁੱਖ ਮੰਤਰੀ ਨੇ ਕਿਹਾ ਕਿ ਉਹ ਹਰੇਕ ਵਿਭਾਗ ਦੀ ਪ੍ਰਗਤੀ ਦੀ ਤਿਮਾਹੀ ਆਧਾਰ 'ਤੇ ਸਮੀਖਿਆ ਕਰਨਗੇ ਅਤੇ ਪਿਛਲੀ ਮੀਟਿੰਗ ਵਿੱਚ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਵਿੱਚ ਵਿਭਾਗਾਂ ਦੁਆਰਾ ਕੀਤੇ ਗਏ ਕੰਮ ਦਾ ਮੁਲਾਂਕਣ ਕਰਨਗੇ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੀਆਂ ਪ੍ਰਗਤੀ ਰਿਪੋਰਟਾਂ ਮੀਟਿੰਗ ਤੋਂ ਦੋ ਦਿਨ ਪਹਿਲਾਂ ਉਨ੍ਹਾਂ ਨੂੰ ਸੌਂਪੀਆਂ ਜਾਣ ਤਾਂ ਜੋ ਉਹ ਮੀਟਿੰਗ ਵਿੱਚ ਉਨ੍ਹਾਂ ਦਾ ਅਧਿਐਨ ਅਤੇ ਸਮੀਖਿਆ ਕਰ ਸਕਣ।

ਹਰਿਆਣਾ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਆਲੋਕ ਮਿੱਤਲ ਨੇ ਕਿਹਾ ਕਿ 1989 ਵਿੱਚ ਸਥਾਪਿਤ ਹਰਿਆਣਾ ਪੁਲਿਸ ਕਾਰਪੋਰੇਸ਼ਨ ਨੇ ਪੁਲਿਸ ਕਰਮਚਾਰੀਆਂ ਲਈ 12,683 ਘਰ, 165 ਪੁਲਿਸ ਸਟੇਸ਼ਨ, 21 ਪੁਲਿਸ ਚੌਕੀਆਂ, 26 ਮਹਿਲਾ ਪੁਲਿਸ ਸਟੇਸ਼ਨ, 13 ਪੁਲਿਸ ਲਾਈਨਾਂ, 3 ਪੁਲਿਸ ਸਿਖਲਾਈ ਕੇਂਦਰ, 21 ਪੁਲਿਸ ਪਬਲਿਕ ਸਕੂਲ ਅਤੇ 400 ਹੋਰ ਗੈਰ-ਰਿਹਾਇਸ਼ੀ ਇਮਾਰਤਾਂ ਦਾ ਨਿਰਮਾਣ ਕੀਤਾ ਹੈ।

ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਪੁਲਿਸ ਸਟੇਸ਼ਨਾਂ, ਪੁਲਿਸ ਲਾਈਨਾਂ ਅਤੇ ਸਿਖਲਾਈ ਕੇਂਦਰਾਂ ਨੂੰ 100% ਆਧੁਨਿਕ ਸਰੋਤਾਂ ਨਾਲ ਲੈਸ ਕਰੇ ਅਤੇ ਸਾਰੇ ਪ੍ਰੋਜੈਕਟਾਂ ਵਿੱਚ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦੇਵੇ। ਪੁਰਾਣੀਆਂ ਇਮਾਰਤਾਂ ਦੀ ਮੌਜੂਦਾ ਹਾਲਤ ਬਾਰੇ ਜਾਣਕਾਰੀ ਲੈਂਦੇ ਹੋਏ, ਉਨ੍ਹਾਂ ਕਿਹਾ ਕਿ ਸਾਰੀਆਂ ਨਵੀਆਂ ਇਮਾਰਤਾਂ ਨੂੰ ਵਿਦੇਸ਼ਾਂ ਦੀ ਤਰਜ਼ 'ਤੇ ਊਰਜਾ ਕੁਸ਼ਲ ਅਤੇ ਹਰਿਆਲੀ ਵਾਲੀਆਂ ਇਮਾਰਤਾਂ ਬਣਾਇਆ ਜਾਣਾ ਚਾਹੀਦਾ ਹੈ।

ਇਸ ਮੌਕੇ 'ਤੇ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ਼੍ਰੀ ਅਰੁਣ ਕੁਮਾਰ ਗੁਪਤਾ, ਭਵਿੱਖ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀਮਤੀ ਅਮਨੀਤ ਪੀ. ਕੁਮਾਰ, ਹਰਿਆਣਾ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਪ੍ਰਬੰਧ ਨਿਰਦੇਸ਼ਕ ਸ਼੍ਰੀ ਆਲੋਕ ਮਿੱਤਲ ਅਤੇ ਮੁੱਖ ਮੰਤਰੀ ਦੇ ਓਐਸਡੀ ਅਤੇ ਗੋਲਡਨ ਜੁਬਲੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾ ਦੇ ਡਾਇਰੈਕਟਰ ਜਨਰਲ ਡਾ. ਰਾਜ ਨਹਿਰੂ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਦਵਾਈਆਂ ਦੀਆਂ ਕੀਮਤਾਂ 'ਚ ਹੋ ਗਿਆ 8 ਤੋਂ 17 ਫੀਸਦੀ ਤੱਕ ਦਾ ਵਾਧਾ

ਨਵੀਂ ਦਿੱਲੀ, 4 ਜੂਨ (ਪ੍ਰਤੀਨਿਧੀ) : ਵਿਸ਼ਵ ਪੱਧਰ 'ਤੇ ਚੱਲ ਰਹੇ ਤਣਾਅ ਦਾ ਅਸਰ ਹੁਣ ਆਮ ਆਦਮੀ ਦੀਆਂ ਰੋਜ਼ਾਨਾ ਦੀਆਂ ਲੋੜਾਂ 'ਤੇ ਵੀ ਦਿਖਾਈ ਦੇਣ ਲੱਗਾ ਹੈ। ਕੱਚੇ ਮਾਲ ਦੀ ਸਪਲਾਈ ਪ੍ਰਭਾਵਿਤ ਹੋਣ, ਆਵਾਜਾਈ ਦੇ ਖਰਚਿਆਂ ਵਿੱਚ ਵਾਧੇ ਅਤੇ ਦਰਾਮਦ ਖਰਚਿਆਂ ਵਿੱਚ ਵਾਧੇ ਕਾਰਨ ਦਵਾਈ ਕੰਪਨੀਆਂ ਨੇ ਕਈ ਅਹਿਮ ਦਵਾਈਆਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਹੈ। ਬਾਜ਼ਾਰ ਵਿੱਚ ਪਹੁੰਚੇ ਦਵਾਈਆਂ ਦੇ ਨਵੇਂ ਸਟਾਕ ਵਿੱਚ ਕੀਮਤਾਂ 8 ਤੋਂ 17 ਫੀਸਦੀ ਤੱਕ ਵਧ ਗਈਆਂ ਹਨ, ਜਿਸ ਦਾ ਸਭ ਤੋਂ ਵੱਧ ਅਸਰ ਨਿਯਮਤ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਦਵਾਈਆਂ 'ਤੇ ਦੇਖਿਆ ਜਾ ਰਿਹਾ ਹੈ।ਦਵਾਈਆਂ ਦੇ ਨਿਰਮਾਣ ਵਿੱਚ ਵਰਤਿਆ ਜਾਣ ਵਾਲਾ ਬਹੁਤ ਸਾਰਾ ਕੱਚਾ ਮਾਲ ਵਿਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਅੰਤਰਰਾਸ਼ਟਰੀ ਤਣਾਅ ਕਾਰਨ ਸਮੁੰਦਰੀ ਮਾਲ ਭਾੜਾ, ਬੀਮਾ ਅਤੇ ਆਵਾਜਾਈ ਦੇ ਖਰਚੇ ਵਧ ਗਏ ਹਨ।

# ਸਾਹਿਤਕ ਪੰਨਾ

## ਕਾਵਿ ਕਿਆਰੀ

### ਯੁੱਧ ਦਾ ਆਗਾਜ਼

ਜੇ ਹੁਣ ਵੀ ਨਾ ਲੜੇ
ਭਵਿੱਖ ਸਾਡਾ, ਸਾਡਾ ਨਹੀਂ ਰਹੇਗਾ
ਆਉਣ ਵਾਲੀ ਪੀੜ੍ਹੀ
ਸਾਨੂੰ ਕਦੇ ਮੁਆਫ਼ ਨਹੀਂ ਕਰੇਗੀ
ਲਾਹ ਦਿਓ ਦਿਲ ਦਿਮਾਗ ਤੋਂ
ਰੋਟੀ ਦਾ ਫਿਕਰ
ਤੇ ਦੇਖੋ ਕੂੜੇ ਦੇ ਢੇਰ
ਦੁਆਲੇ ਬੈਠੇ ਬੱਚਿਆ ਨੂੰ
ਸਮਾਂ ਆ ਗਿਆ ਹੈ
ਕਰ ਦਿੱਤਾ ਜਾਵੇ ਯੁੱਧ ਦਾ ਆਗਾਜ਼
ਇਸ ਹੱਕ ਸੱਚ ਦੀ ਜੰਗ ਵਿੱਚ
ਜੇ ਤੁਸੀਂ ਭੁੱਖੇ ਵੀ ਮਰ ਗਏ ਤਾਂ
ਤੁਹਾਡੇ ਬੱਚੇ ਕਦੇ ਭੁੱਖੇ ਨਹੀਂ ਮਰਨਗੇ
ਜੇ ਤੁਹਾਡੇ ਤਨ 'ਤੇ
ਇੱਕ ਵੀ ਕੱਪੜਾ ਨਾ ਰਿਹਾ
ਤੁਹਾਨੂੰ ਨੰਗੇ ਦੇਖ ਵੈਰੀ ਹੱਸੇ
ਤਾਂ ਦਿਖਾ ਦੇਣਾ ਉਸਨੂੰ
ਸ਼ਿਵਲਿੰਗ ਦੀ ਪੂਜਾ ਕਰਦੀਆਂ ਔਰਤਾਂ
ਜਾਂ ਲੈ ਜਾਣਾ ਕਿਸੇ ਨਾਗੂ ਸਾਧ ਦੇ ਡੇਰੇ
ਪਰ ਤੁਸੀਂ ਕੱਪੜਿਆਂ ਦਾ ਖਿਆਲ ਛੱਡ
ਤਨ 'ਤੇ ਚੜ੍ਹਾਕੇ ਰੱਖਣਾ
ਹੌਂਸਲੇ ਵਾਲੀ ਚਾਦਰ ਨੂੰ
ਜੇ ਤੁਹਾਡੀਆਂ ਹੱਡੀਆਂ ਟੁੱਟਗੀਆਂ
ਤਾਂ ਰੁੱਖਾਂ ਤੇ ਪੱਤਿਆਂ ਨੂੰ ਦੇਖ ਲੈਣਾ
ਬਹਾਰ ਦੀ ਆਸ ਰੱਖਣਾ
ਨਵਿਆਂ ਦੇ ਪੁੰਗਰਣ ਦਾ ਖਿਆਲ ਕਰਨਾ
ਇਹ ਜੰਗ ਵਾਰ ਵਾਰ ਨਹੀਂ ਹੁੰਦੀ
ਤੇ ਨਾ ਹੀ ਹਰ ਵਾਰ ਹੁੰਦੀ ਏ
ਦੇਸ਼ ਭਗਤੀ ਦੇ ਨਕਾਬ ਓਹਲੇ
ਲੁਕੇ ਵੈਰੀ ਦੀ ਪਹਿਚਾਣ।

ਜਸਵੰਤ ਗਿੱਲ ਸਮਾਲਸਰ
ਵਟਸਐਪ:97804-51878



### ਹੱਕ

ਗਗਨਦੀਪ ਧਾਲੀਵਾਲ
ਝਾੜੀਏ ਬਰਨਾਲਾ
ਜਨਰਲ ਸਕੱਤਰ ਮਹਿਲਾ
ਕਾਵਿ ਮੰਚ ਪੰਜਾਬ

ਅਸੀਂ ਪਰਿੰਦੇ ਹਾਂ ਉੱਚੀਆ ਉਡਾਰਾਂ ਦੇ
ਮੂੰਹ ਤੋੜ ਦਿਆਂਗੇ ਤਿੱਖੀਆਂ ਤਲਵਾਰਾਂ ਦੇ
ਸੰਨ 84 ਹਲੇ ਭੁੱਲਿਆ ਨਹੀਂ
ਬੇ-ਕਸੂਰੇ ਸਾੜੇ ਸੀ ਟਾਇਰ ਪਾ
ਗਲ ਵਿੱਚ ਸਰਦਾਰਾਂ ਦੇ
ਵਾਹ ਕੋਈ ਤੇਰੀ ਚੱਲਣੀ ਨਹੀਂ
ਤੂੰ ਡਰ ਜਾਣਾ ਸੂਰਬੀਰਾਂ ਦੀਆਂ ਲਲਕਾਰਾਂ ਤੋਂ
ਹੱਕ ਅਸੀਂ ਲੈ ਕੇ ਹਟਾਂਗੇ ਸਮੇਂ ਦੀਆਂ ਸਰਕਾਰਾਂ ਤੋਂ

ਠਾਠਾ ਮਾਰੇ ਜੋਰ ਜਵਾਨੀ ਦਾ
ਧੁੱਪ ਛਾਂ ਵਿੱਚ ਜੋ ਨਾ ਢਲਦੀ ਏ
ਗਰਮੀ ਵਿੱਚ ਨਾ ਹੜ੍ਹਦੀ ਏ
ਨਾ ਪਾਲਿਆ ਵਿੱਚ ਠਰਦੀ ਏ
ਅਸੀਂ ਠੰਡੇ ਬੁਰਜ ਦੇ ਆਦੀ ਹਾਂ
ਕੁੱਝ ਹੋਣਾ ਨਹੀਂ ਪਾਣੀ ਦੀਆਂ ਬੁਛਾੜਾਂ ਤੋਂ
ਹੱਕ ਅਸੀਂ ..............................


ਸਰਸਾ,ਅਟਕ ਵੀ ਅਸੀਂ ਪੀ ਚੁੱਕੇ
ਜੁਲਮ ਸਹਿ-ਸਹਿ ਬੁੱਲ੍ਹ ਵੀ ਸੀ ਚੁੱਕੇ
ਨੰਗੇ ਪੈਰੀਂ ਵੀ ਅਸੀਂ ਤੁਰਪਾਗੇ
ਡਰਦੇ ਨਹੀਂ ਅੰਗਿਆਰਾਂ ਤੋਂ
ਹੱਕ ਅਸੀਂ .........................

ਰੋਟੀ ਖੋਹ ਲਈ ਕਿਸਾਨ ਦੇ ਮੂੰਹ ਚੋਂ
ਹੰਕਾਰ ਤੇਰਾ ਤੋੜਾਗੇ
ਛੱਲਾ ਮਾਰ ਵਹਿੰਦਾ ਆਉਂਦਾ ਪੰਜਾਬ
ਵਿੱਚੇ ਤੈਨੂੰ ਵੀ ਰੋੜਾਗੇ
ਕਿਰਸਾਨੀ ਸੰਘਰਸ ਦਾ ਇਹ ਇੰਨਕਲਾਬ
ਪੂਰਾ ਹਿਸਾਬ ਕਰਕੇ ਮੋੜਾਗੇ
ਨਾ ਹਾਕਮਾਂ ਦੇ ਕਹੇ ਪੰਜਾਬ ਦੱਬਦਾ ਏ
ਨਾ ਡਰਦੇ ਹਾਂ ਤਕਰਾਰਾਂ ਤੋਂ
ਹੱਕ ਅਸੀਂ .....................

ਬਿਲਕਣ ਤੈਨੂੰ ਲਾ ਦੇਣਾ
ਬਲ ਬਲ ਭਾਂਬੜ ਉੱਠਣਗੇ
ਲੋੜ ਨਹੀਂ ਗੋਲੇ -ਬਰੂਦਾ ਦੀ
ਗਗਨ ਨੂੰ ਆਪਣੀ ਕਲਮ ਚੁੱਕਣਦੇ
ਧਾਲੀਵਾਲ ਦੀ ਕਲਮ ਸਦਾ ਹੀ ਸੱਚ ਉੱਕਰੂਗੀ
ਦੇਖੀ ਪਰਦੇ ਫਿਰ ਕਿਵੇਂ ਉੱਠਣਗੇ
ਪੰਜਾਬ ਮੁਕਤ ਹੋਜੂ ਝੂਠੀ ਹਾਹਾਕਾਰਾਂ ਤੋਂ
ਹੱਕ ਅਸੀਂ ਲੈ ਕੇ ਹਟਾਂਗੇ ਸਮੇਂ ਦੀਆਂ ਸਰਕਾਰਾਂ ਤੋਂ

### ਹਾਂ ਮੈਂ ਅੱਤਵਾਦੀ ਹਾਂ.....

ਹਾਂ ਮੈਂ ਵਿਦਰੋਹੀ ਹਾਂ,
ਹਾਂ ਮੈਂ ਅੱਤਵਾਦੀ ਹਾਂ।
ਜੇ ਆਪਣੇ ਹੱਕ ਮੰਗਣੇ ਵੱਖਵਾਦ ਹੈ,
ਤਾਂ ਹਾਂ ਮੈਂ ਵੱਖਵਾਦੀ ਹਾਂ।
ਹਾਂ ਮੈਂ ਅੱਤਵਾਦੀ ਹਾਂ।
ਜਿੰਨਾ ਚਿਰ ਸਾਹ ਹਨ,
ਮੈਂ ਗਲਤ ਦਾ ਵਿਰੋਧ ਕਰਾਂਗੀ।
ਜਿੰਨੀ ਹੋ ਸਕੇ ਮੇਰੇ ਕੋਲੋਂ,
ਸਮਾਜ ਵਿੱਚ ਸੋਧ ਕਰਾਂਗੀ।
ਜੇ ਲੋਕਾਂ ਨੂੰ ਸੀਸਾ ਦਿਖਾਉਣਾ ਗਲਤ ਹੈ,
ਤਾਂ ਹਾਂ ਮੈਂ ਫਸਾਦੀ ਹਾਂ।
ਹਾਂ ਮੈਂ ਅੱਤਵਾਦੀ ਹਾਂ।
ਸਦਾ ਝੂਠ ਨੂੰ ਨਕਾਰਨਾ,
ਮੇਰੀ ਆਦਤ ਹੈ।
ਤੇ ਸੱਚ ਨੂੰ ਪੂਜਣਾ,
ਮੇਰੀ ਇਬਾਦਤ ਹੈ।
ਜੇ ਸੱਚ ਦਾ ਪੱਖ ਲੈਣਾ ਪੱਖਪਾਤ ਹੈ,
ਹਾਂ ਮੈਂ ਪੱਖਵਾਦੀ ਹਾਂ।
ਹਾਂ ਮੈਂ ਅੱਤਵਾਦੀ ਹਾਂ।
ਹਜੇ ਤਾਂ ਹਵਾ ਚੱਲੀ ਹੈ,
ਤੂਫਾਨ ਬਾਕੀ ਹੈ।
ਬਾਗ ਤੇਰੇ ਦਾ ਹਰ ਫੁੱਲ-ਪੱਤਾ,
ਹਜੇ ਤਾਂ ਹੋਣਾ ਆਕੀ ਹੈ।



ਜਦੋਂ ਪਤਾ ਲੱਗਾ 'ਧੀਮਾਨ',
ਕਿ ਮੈਂ ਤੱਥਵਾਦੀ ਹਾਂ।
ਹਾਂ ਮੈਂ ਅੱਤਵਾਦੀ ਹਾਂ।
ਹਾਂ ਮੈਂ ਅੱਤਵਾਦੀ ਹਾਂ।
ਮਨਜੀਤ ਕੌਰ ਧੀਮਾਨ,
ਸੇਰਪੁਰ,ਲੁਧਿਆਣਾ।
ਸੰ:9464633059

# ਲਘੂਕਥਾ ਪਿੰਕੂ ਰਾਜ਼ੀ ਕਿੰਝ ਹੋਵੇ !!

"ਤੁਸੀਂ ਹਰਾਮ ਦਾ ਪੈਸਾ ਲੈਣਾ ਛੱਡ ਦਿਓ ਤਾਂ ਆਪਣਾ ਪਿੰਕੂ ਛੇਤੀ ਰਾਜ਼ੀ ਹੋਜੂ !" ਜਸਪ੍ਰੀਤ ਕੌਰ ਨੇ ਬਹੁਤ ਠੋਸ ਢੰਗ ਨਾਲ਼ ਇਹ ਗੱਲ ਆਪਣੇ ਟ੍ਰੈਫ਼ਿਕ ਇੰਚਾਰਜ ਪਤੀ ਬਘੇਲ ਸਿੰਘ ਨੂੰ ਕਹੀ ਸੀ ਜਿਹੜਾ ਕਿ ਰੋਜ਼ ਹੀ ਤਨਖ਼ਾਹ ਤੋਂ ਬਿਨਾਂ, ਉੱਪਰਲੀ ਕਮਾਈ ਦੇ ਪੈਸਿਆਂ ਨਾਲ਼ ਝੋਲ਼ਾ ਭਰ ਕੇ ਘਰ ਲੈ ਕੇ ਆਉਂਦਾ ਸੀ। ਟ੍ਰੈਫ਼ਿਕ ਇੰਸਪੈਕਟਰ ਬਘੇਲ ਸਿੰਘ ਦਾ 910 ਸਾਲਾ, ਇਕਲੌਤਾ ਪੁੱਤਰ ਪਿੰਕੂ, ਪਿਛਲੇ ਦੋਢਾਈ ਮਹੀਨਿਆਂ ਤੋਂ ਬਿਮਾਰ ਚੱਲ ਰਿਹਾ ਸੀ। ਵੱਡੇ ਤੋਂ ਵੱਡੇ ਐਕਸਪਰਟ ਡਾਕਟਰ ਨੂੰ ਦਿਖਾਇਆ ਸੀ ਪਰ ਪਿੰਕੂ ਦੀ ਐਲਰਜੀ ਠੀਕ ਨਾ ਹੋਈ। ਦੋਹਾਂ ਜੀਆਂ ਨੂੰ ਜਿੱਥੇ ਦੱਸ ਪਈ ਓਥੇ ਜਾ ਕੇ ਮੱਥੇ ਵੀ ਟੇਕੇ, ਸੁੱਖਾਂ ਵੀ ਸੁੱਖੀਆਂ, ਝਾੜੇਹਥੌਲ਼ੇ ਵੀ ਕਰਵਾਏ ਕੋਈ ਰਾਮਦਾਰੀ ਨਾ ਹੋਈ।

ਇੱਕ ਸਾਧ ਨੇ ਇਹ ਵਚਨ ਕਰ ਦਿੱਤੇ ਕਿ 'ਤੁਹਾਡੇ ਬੇਟੇ 'ਤੇ ਹਰਾਮ ਪੈਸੇ ਦਾ ਸਾਇਆ ਹੈ। ਜਿੰਨੀ ਦੇਰ ਘਰ ਵਿੱਚ ਹੱਕਹਲਾਲ ਤੋਂ ਬਿਨਾਂ ਹਰਾਮ ਪੈਸਾ ਆਉਂਦਾ ਰਹੇਗਾ ਓਨੀ ਦੇਰ ਤੱਕ ਇਹ ਬੱਚਾ ਠੀਕ ਨਹੀਂ ਹੋ ਸਕਦਾ।' ਅਸਲ ਵਿੱਚ ਉਹ ਸਾਧ ਬਘੇਲ ਸਿੰਘ ਬਾਰੇ ਜਾਣਦਾ ਸੀ ਕਿ 'ਇਸ ਦੀ ਡਿਊਟੀ ਟ੍ਰੈਫ਼ਿਕ ਇੰਚਾਰਜ ਵਜੋਂ ਜਿਸ ਟੋਲ ਬੈਰੀਅਰ 'ਤੇ ਲੱਗੀ ਹੈ, ਓਥੇ ਇਹ ਕਿਸੇ ਨੂੰ ਸੁੱਕਾ ਨਹੀਂ ਜਾਣ ਦਿੰਦੇ, ਹਰੇਕ ਨੂੰ ਝਟਕਾਉਂਦੇ ਹਨ।'

"ਓ ਯਰ ਮੇਰਾ ਕਿਹੜਾ ਦਿਲ ਕਰਦੈ ਬਈ ਲੋਕਾਂ ਦੀਆਂ ਜੇਬਾਂ 'ਤੇ ਛੁਰੀਆਂ ਫੇਰਾਂ.... ਪਰ ਨਿੱਤਦਿਨ ਉੱਪਰਲਿਆਂ ਦੀਆਂ ਸੌਸੌ ਵਗਾਰਾਂ ਪੂਰਨ ਲਈ ਆਪਣਾ ਜ਼ਮੀਰ ਝਟਕਾਉਣਾ ਈ ਪੈਂਦਾ ਏ। ਨਾਲ਼ੇ ਮੈਂ ਕਿਹੜਾ ਕੱਲਾਂ, ਸਾਰਾ ਸਟਾਫ਼ ਈ ਇਹੋ ਜਿਹੈ.... ਛੱਪੜ ਨੂੰ ਤਾਂ ਇੱਕੋ ਮੱਛੀ ਗੰਧਲਾ ਕਰ ਦਿੰਦੀ ਐ, ਸਾਡੇ ਤਾਂ ਸਾਰੇ ਈ ਮਗਰਮੱਛ ਲਿਬੜੇ ਹੋਏ ਨੇ.... ਤੂੰ ਹੀ ਦੱਸ ਮੈਂ ਕੱਲਾ ਕੀ ਕਰਾਂ ?" ਬਘੇਲ ਸਿੰਘ ਨੇ ਪਤਨੀ ਅੱਗੇ ਆਪਣੀ ਮਜਬੂਰੀ ਤੇ ਆਪਣੀ ਸਥਿਤੀ ਸਪਸ਼ਟ ਕੀਤੀ ਸੀ।

"ਚੱਲ ਉਹ ਲੈਂਦੇ ਨੇ ਲਈ ਜਾਣ ਪਰ ਤੁਸੀਂ ਅੱਜ ਤੋਂ ਬਾਅਦ ਤਨਖ਼ਾਹ ਤੋਂ ਬਿਨਾਂ ਇੱਕ ਵੀ ਨਵਾਂ ਪੈਸਾ ਨਹੀਓਂ ਲੈਣਾ ਕਿਸੇ ਕੋਲ਼ੋਂ..!" ਜਸਪ੍ਰੀਤ ਮਮਤਾ ਦੀ ਬੰਨ੍ਹੀ ਆਪਣੇ ਫ਼ੈਸਲੇ 'ਤੇ ਪੂਰੀ ਤਰ੍ਹਾਂ ਅਟੱਲ ਸੀ।

ਬਘੇਲ ਸਿੰਘ ਵੀ ਆਪਣੀ ਥਾਏਂ ਸਹੀ ਸੀ, "ਐਂ ਗੁਜ਼ਾਰਾ ਕਿਵੇਂ ਚੱਲੂ ? ਤਨਖ਼ਾਹ ਨਾਲ਼ ਘਰ ਦਾ ਤੋਰੀਫੁਲਕਾ ਤਾਂ ਤੁਰੀ ਜਾਊ ਪਰ ਨਿੱਤ ਦੀਆਂ ਸੌ ਵਗਾਰਾਂ ਕਿੱਥੋਂ ਪੂਰੂੰ ? ਅਫ਼ਸਰਾਂ ਦੀ ਛੱਡ ਮੇਰੇ ਤਾਂ ਮਤਾਹਿਤਾਂ ਨੇ ਨ੍ਹੀਂ ਜਿਊਣ ਦੇਣਾ ਮੈਨੂੰ....!!"

ਜਸਪ੍ਰੀਤ ਕਿਸੇ ਵੀ ਹੀਲੇ ਆਪਣੇ ਪਿੰਕੂ ਨੂੰ ਤੰਦਰੁਸਤ ਵੇਖਣਾ ਚਾਹੁੰਦੀ। ਜਦੋਂ ਉਸ ਨੂੰ ਕੋਈ ਪੇਸ਼ ਜਾਂਦੀ ਨਾ ਦਿਸੀ ਤਾਂ ਉਸ ਨੇ ਵਿਚਲੇ ਰਸਤੇ ਵੱਲ ਇਸ਼ਾਰਾ ਜਿਹਾ ਕਰਦਿਆਂ ਕਿਹਾ, "ਚਲੋ ਐਂ ਕਰੋ, ਜਦ ਤੱਕ ਆਪਣਾ ਪਿੰਕੂ ਪੂਰੀ ਤਰ੍ਹਾਂ ਰਾਜ਼ੀ ਨਹੀਂ ਹੁੰਦਾ, ਘੱਟੋਘੱਟ ਓਨੇ ਸਮੇਂ ਲਈ ਤਾਂ ਨਾ ਕਰੋ ਗਰੀਬਗਊ ਦੀ ਹੱਤਿਆ... ਕਿਤੇ ਨ੍ਹੀਂ ਕੋਠੇ ਢਹਿੰਦੇ.... ਬੱਸ ਪਿੰਕੂ ਦੇ ਠੀਕ ਹੋਣ ਤੱਕ.... ਖਾਓ ਮੇਰੀ ਸਹੁੰ....!!" ਇੰਨਾ ਆਖ ਜਸਪ੍ਰੀਤ ਨੇ ਬਘੇਲ ਸਿੰਘ ਦਾ ਹੱਥ ਫੜ ਕੇ ਆਪਣੇ ਸਿਰ 'ਤੇ ਧਰਾ ਲਿਆ।

ਟੋਲ ਬੈਰੀਅਰ 'ਤੇ ਪਹੁੰਚਦਿਆਂ ਹੀ ਟ੍ਰੈਫ਼ਿਕ ਇੰਚਾਰਜ ਬਘੇਲ ਸਿੰਘ ਨੇ ਆਪਣੇ ਮਤਾਹਿਤਾਂ ਅੱਗੇ ਐਲਾਨ ਜਿਹਾ ਕਰਦਿਆਂ ਕਿਹਾ, "ਬਈ ਹੁਣ ਆਪਾਂ ਹਫ਼ਤਾਡੂਢ ਹਫ਼ਤਾ ਕਿਸੇ ਤੋਂ ਕੋਈ ਪੈਸਾ ਨ੍ਹੀ ਲੈਣਾ... ਉੱਪਰੋਂ ਹੁਕਮ ਐ ਬਈ ਚਲਾਨ ਪੂਰੇ ਕਰੋ....।" ਉਹ ਆਪਣੇ ਪੁੱਤ ਦੇ ਬਿਮਾਰ ਹੋਣ, ਸਾਧ ਵੱਲੋਂ ਸੁਝਾਏ ਹੱਲ ਅਤੇ ਪਤਨੀ ਵੱਲੋਂ ਖੁਆਈ ਸਹੁੰ ਦਾ ਓਹਲਾ ਰੱਖ ਗਿਆ ਸੀ। ਮਤਾਹਿਤ ਹਤਾਸ਼, ਨਿਰਾਸ਼ ਜਿਹੇ ਨਵੇਂ ਹੁਕਮ ਦਾ ਬੋਝ ਢੋਂਹਦੇ ਹੋਏ, ਚਲਾਨ ਬੁੱਕ ਹੱਥ ਵਿੱਚ ਫੜ ਸੜਕ 'ਤੇ ਜਾ ਖਲੋਤੇ।

ਤਦੇ ਬਘੇਲ ਸਿੰਘ ਨੂੰ ਡੀ.ਐਸ.ਪੀ. ਸਾਹਬ ਦਾ ਫ਼ੋਨ ਗਿਆ ਕਿ 'ਆਫ਼ਿਸ ਦੇ ਬਾਥਰੂਮ ਵਿੱਚ ਗੀਜਰ ਲਵਾਉਣਾ ਏ। ਗੀਜਰ ਤੇ ਨਾਲ਼ ਮਕੈਨਿਕ ਵੀ ਭੇਜੋ।' ਬਘੇਲ ਸਿੰਘ ਨੇ ਇੱਕ ਇਲੈਕਟ੍ਰਾਨਿਕਸ ਸ਼ੋਰੂਮ ਵਾਲ਼ੇ ਨੂੰ ਫ਼ੋਨ ਕੀਤਾ ਤੇ ਕਿਹਾ, 'ਸਾਹਬ ਦੇ ਆਫ਼ਿਸ ਦਾ ਕੰਮ ਪੂਰਾ ਕਰ ਕੇ, ਪੈਸੇ ਮੇਰੇ ਕੋਲ਼ੋਂ ਲੈ ਕੇ ਜਾਵੇ।'

ਅਜੇ ਡੀ.ਐੱਸ.ਪੀ. ਆਲ਼ੀ ਵਗਾਰ ਭੁਗਤਾ ਕੇ ਹੀ ਹਟਿਆ ਸੀ ਕਿ ਤਦੇ ਬਘੇਲ ਸਿੰਘ ਨੂੰ ਐੱਸ.ਐੱਸ.ਪੀ. ਸਾਹਬ ਦੇ ਦਫ਼ਤਰੋਂ ਫ਼ੋਨ ਆ ਗਿਆ ਕਿ 'ਐੱਸ.ਐੱਸ.ਪੀ. ਸਾਹਬ ਦੀ ਸਾਲ਼ੀ ਨੂੰ ਏਅਰਪੋਰਟੋਂ ਲਿਆ ਕੇ, ਫ਼ਲਾਣੇ ਮੈਰਿਜ ਪੈਲੇਸ ਵਿੱਚ ਛੱਡ ਕੇ ਆਉਣਾ ਏ। ਗੱਡੀ ਇਨੋਵਾ ਬੁੱਕ ਕਰਵਾਇਓ।' ਬਘੇਲ ਸਿੰਘ ਨੇ ਤਦੇ ਇੱਕ ਟ੍ਰਾਂਸਪੋਰਟਰ ਨੂੰ ਫ਼ੋਨ ਕੀਤਾ, ਇਨੋਵਾ ਗੱਡੀ ਬੁੱਕ ਕਰਵਾਈ ਤੇ ਕਿਹਾ, 'ਪੈਸੇ ਮੇਰੇ ਕੋਲ਼ੋਂ ਟੋਲ ਬੈਰੀਅਰ ਤੋਂ ਆ ਕੇ ਲੈ ਜਾਵੀਂ।'

ਸਵੇਰੇਸਵੇਰੇ ਹੀ ਦੋ ਤਕੜੀਆਂ ਵਗਾਰਾਂ ਦੇ ਬੋਝ ਦੀ ਪੰਡ ਬਘੇਲ ਸਿੰਘ ਦੇ ਸਿਰ ਆ ਪਈ ਸੀ ਕਿ ਤਦੇ ਤੀਜਾ ਫ਼ੋਨ ਖੜਕ ਪਿਆ....

ਬਘੇਲ ਸਿੰਘ ਪਰੇਸ਼ਾਨ ਜਿਹਾ ਹੋ ਗਿਆ। ਇੱਕ ਪਾਸੇ ਉਹਨੇ ਆਪਣੇ ਜਾਨ ਤੋਂ ਪਿਆਰੇ ਲਾਡਲੇ ਇਕਲੌਤੇ ਪੁੱਤ ਪਿੰਕੂ ਦੀ ਸਲਾਮਤੀ ਲਈ ਖਾਧੀ ਸਹੁੰ ਵੀ ਪੂਰਨੀ ਸੀ, ਦੂਜੇ ਪਾਸੇ ਉਹ ਵਗਾਰਾਂ ਵੀ ਪੂਰਨੀਆਂ ਸਨ ਜਿਨ੍ਹਾਂ ਦਾ ਇੱਕ ਤੋਂ ਬਾਅਦ ਇੱਕ ਤਾਂਤਾ ਲਗਦਾ ਹੀ ਜਾ ਰਿਹਾ ਸੀ। ਅਜੇ ਉਹ ਆ ਕੇ ਟੋਲ ਬੈਰੀਅਰ 'ਤੇ ਬੈਠਾ ਹੀ ਸੀ ਕਿ 2530 ਹਜ਼ਾਰ ਦਾ ਥੁੱਕ ਲਗ ਗਿਆ। ਉਹ ਦੁਬਿਧਾ ਜਿਹੀ ਵਿੱਚ ਬੈਠਾ ਸੋਚ ਰਿਹਾ ਸੀ ਕਿ 'ਕੀ ਕਰੇ ਤੇ ਕੀ ਨਾ ਕਰੇ !!' ਤਦੇ ਉਹਨੂੰ ਸੜਕ 'ਤੇ ਇੱਕ ਓਵਰਲੋਡਡ ਟਰੱਕ ਆਉਂਦਾ ਦਿਸਿਆ, "ਇਹਨੂੰ ਲਵਾਓ ਸਾਈਡ 'ਤੇ ਮੇਰੇ ਸਾਲ਼ੇ ਨੂੰ.... ਕਿਵੇਂ ਤੁੰਨਿਐ ਪਿਐ ਟਰਾਲਾ.... ਇਹ ਸਾਲ਼ਾ ਆਪ ਤਾ ਮਰੂ ਈ ਮਰੂ, ਨਾਲ਼ ਹੋਰ ਨੂੰ ਵੀ ਮਾਰੂ...।"

ਪੁਲਿਸ ਆਲ਼ਿਆਂ ਟਰਾਲਾ ਸਾਈਡ 'ਤੇ ਲਵਾ ਲਿਆ। ਇੱਕ ਜਣਾ ਕਾਗ਼ਜ਼ ਚੈੱਕ ਕਰਨ ਲੱਗ ਪਿਆ ਤੇ ਦੂਜਾ 'ਓਵਰਲੋਡਿੰਗ' ਦਾ ਚਲਾਨ ਕੱਟਣ ਲੱਗ ਪਿਆ। ਡਰਾਈਵਰ ਨੇ 'ਕੁਝ ਲੈਦੇ ਕੇ ਨਬੇੜਨ' ਦੀ ਗੱਲ ਕੀਤੀ ਪਰ ਉਸ ਦੀ ਨਾ ਕਿਸੇ ਸੁਣੀ ਤੇ ਨਾ ਹੀ ਕਿਸੇ ਮੰਨੀ।

'ਅੱਜ ਤਾਂ ਚਲਾਨ ਹੋਇਆ ਈ ਲੈ' ਦਾ ਸੋਚ ਕੇ ਡਰਾਈਵਰ ਨੂੰ ਹੱਥਾਂਪੈਰਾਂ ਦੀ ਪੈ ਗਈ। ਜੁਰਮਾਨਾ ਵੀ ਵੱਡਾ ਠੁਕਣਾ ਸੀ ਤੇ ਚਲਾਨ ਭੁਗਤਣ ਲੱਗਿਆਂ ਖੱਜਲਖੁਆਰੀ ਵੀ ਵਾਹਵਾ ਹੋਣੀ ਸੀ। ਵੱਡੇ ਜੁਰਮਾਨੇ ਤੇ ਖੱਜਲਖੁਆਰੀ ਤੋਂ ਡਰਦਿਆਂ ਡਰਾਈਵਰ ਬਘੇਲ ਸਿੰਘ ਦੇ ਗੋਡਿਆਂ ਕੋਲ਼ ਆ ਬੈਠਾ ਤੇ ਤਰਲੇਮਿਣਤਾਂ ਕਰਨ ਲੱਗ ਪਿਆ। ਡਰਾਈਵਰ ਕਿਸੇ ਵੀ ਹੀਲੇ 'ਲੈਦੇ ਕੇ' ਨਬੇੜਨ ਲਈ ਮਿਣਤਾਂ ਕਰ ਰਿਹਾ ਸੀ ਪਰ ਪਤਨੀ ਦੀ ਸਹੁੰ ਦਾ ਬੰਨ੍ਹਿਆ ਬਘੇਲ ਸਿੰਘ 'ਚਲਾਨ' ਕੱਟਣ 'ਤੇ ਉਤਾਰੂ ਸੀ। ਤਦੇ ਫੇਰ ਬਘੇਲ ਸਿੰਘ ਦਾ ਫ਼ੋਨ ਵੱਜਿਆ। ਬਘੇਲ ਸਿੰਘ ਨੇ ਫ਼ੋਨ ਸਕਰੀਨ 'ਤੇ ਨਾਮ ਪੜ੍ਹਿਆ ਤੇ ਬੁੜਬੁੜ ਕਰਨ ਲੱਗਾ, "ਲੈ ਆਹ ਸਾਲ਼ੀ ਇੱਕ ਹੋਰ ਵਗਾਰ ਆਗੀ....।"

ਫ਼ੋਨ ਅਜੇ ਵੀ ਲਗਾਤਾਰ ਵੱਜ ਰਿਹਾ ਸੀ। ਨਾ ਤਾਂ ਬਘੇਲ ਸਿੰਘ ਫ਼ੋਨ ਅਟੈਂਡ ਕਰ ਰਿਹਾ ਸੀ, ਨਾ ਹੀ ਫ਼ੋਨ ਕਾਲ ਕੱਟ ਰਿਹਾ ਸੀ। ਅਖ਼ੀਰ ਆਖ਼ਰੀ ਘੰਟੀ ਵੱਜਣ ਤੋਂ ਪਹਿਲਾ ਫ਼ੋਨ ਅਟੈਂਡ ਕਰ ਹੀ ਲਿਆ। ਫੇਰ 'ਹਾਂ ਜੀ ਸਰ, ਜੀ ਜਨਾਬ, ਹੋਜੂਗਾ ਜੀ, ਮੈਂ ਕਰਵਾ ਦਿਆਂਗੇ ਜੀ....' ਵਰਗੇ ਫ਼ਿਕਰੇ ਬੋਲਦਿਆਂ ਬਘੇਲ ਸਿੰਘ ਨਿਮਾਣਾ ਜਿਹਾ ਬਣੀ ਜਾ ਰਿਹਾ ਸੀ। ਸਾਰੀ ਗੱਲਬਾਤ ਨਬੇੜ ਕੇ ਫ਼ੋਨ ਕੱਟਿਆ ਤੇ ਦੰਦ ਜਿਹੇ ਪੀਂਹਦਿਆਂ ਟ੍ਰੈਫ਼ਿਕ ਇੰਚਾਰਜ ਬਘੇਲ ਸਿੰਘ ਨੇ ਮਤਾਹਿਤ ਪੁਲਿਸ ਵਾਲ਼ਿਆਂ ਨੂੰ ਹੋਕਰਾ ਦਿੱਤਾ, "ਓ ਰਹਿਣ ਦਿਓ ਯਰ ਚਲਾਨ ਕੱਟਣ ਨੂੰ.... ਕੁਛ ਲੈ ਦੇ ਕੇ ਕੰਮ ਨਬੇੜੋ ਇਹਦਾ...." ਇੰਨਾ ਸੁਣਦਿਆਂ ਹੀ ਮਤਾਹਿਤ ਪੁਲਿਸ ਵਾਲ਼ਿਆਂ ਦੀਆਂ ਬਰਾਛਾਂ ਖਿੜ ਗਈਆਂ। ਡਰਾਈਵਰ ਨੇ ਵੀ ਸੁਖ ਦਾ ਸਾਹ ਲਿਆ।

ਚਲਾਨ ਭਰ ਰਿਹਾ ਪੁਲਿਸ ਵਾਲ਼ਾ ਚਲਾਨ ਬੁੱਕ ਲੈ ਕੇ ਬਘੇਲ ਸਿੰਘ ਕੋਲ਼ ਆ ਖੜ੍ਹਿਆ, "ਜਨਾਬ ਮੈਂ ਤਾਂ ਅੱਧਾ ਭਰਤਾ ਸੀ ਜੀ, ਹੁਣ ਫੇਰ...."

"ਚਲ ਕੋਈ ਨਾ, ਇਹ ਕਿਸੇ ਹੋਰ ਦੇ ਨਾਮ ਭੁਗਤਾ ਦਿਆਂਗੇ....।"



ਡਾ. ਸਵਾਮੀ ਸਰਬਜੀਤ
9888401328

ਬਘੇਲ ਸਿੰਘ ਨੇ ਗੱਲ ਲਮਕਾਉਣ ਤੇ ਵਧਾਉਣ ਤੋਂ ਗੁਰੇਜ਼ ਕੀਤਾ।


ਚਲਾਨ ਕੱਟਣ ਵਾਲ਼ਾ ਪੁਲਸੀਆ ਅਜੇ ਵੀ ਗਰਾਰੀ ਫਸਾਈ ਖੜ੍ਹਾ ਸੀ, "ਐਂ ਫੇਰ ਕਿਮੇਂ ਕਰਾਂਗੇ ਜੀ ਚਲਾਨ ਪੂਰੇ ? ਮਹੀਨਾ ਤਾਂ ਮੁੱਕਣ ਆਲ਼ੈ ?"

ਅੱਗੋਂ ਬਘੇਲ ਸਿੰਘ ਵੀ ਟੁੱਟ ਕੇ ਪੈ ਗਿਆ, "ਮੈਂ ਫੇਰ ਦੱਸ ਕੀ ਕਰਾਂ... ? ਆਪ ਏ ਕਹਿੰਦੇ ਚਲਾਨ ਪੂਰੇ ਕਰੋ.... ਤੇ ਆਪ ਈ ਵਗਾਰਾਂ ਤੇ ਵਗਾਰਾਂ ਪਾਈ ਤੁਰੇ ਆਉਂਦੇ ਨੇ.... ਆਹ ਸਾਲ਼ਾ 3035 ਹਜਾਰ ਆਪਾਂ ਆਪਣੀਆਂ ਜੇਬਾਂ 'ਚੋਂ ਤਾਂ ਨ੍ਹੀਂ ਪੂਰਾ ਕਰਨਾ ? ਕ ਤੂੰ ਪੂਰ ਦੇਂਗਾ ?"

ਬਘੇਲ ਸਿੰਘ ਦੀ ਭਬਕੀ ਸੁਣ ਕੇ ਮਤਾਹਿਤ ਪੁਲਸੀਆ ਚਲਾਨ ਬੁੱਕ ਹੱਥ ਵਿੱਚ ਫੜ, ਢਿੱਲਾ ਜਿਹਾ ਹੋ ਕੇ ਬਾਕੀ ਪੁਲਿਸ ਵਾਲ਼ਿਆਂ ਵੱਲ ਚਲਾ ਗਿਆ।

ਟ੍ਰੈਫ਼ਿਕ ਇੰਚਾਰਜ ਵੱਲੋਂ 'ਚਲਾਨ ਨਾ ਕੱਟਣ ਅਤੇ ਕੁਝ ਲੈ ਦੇ ਕੇ ਨਬੇੜਨ' ਦਾ ਐਲਾਨ ਸੁਣ ਕੇ ਸਾਰੇ ਹੀ ਖ਼ੁਸ਼ ਹੋ ਗਏ ਸਨ ਪਰ ਬਘੇਲ ਸਿੰਘ ਮਨੋਮਨੀਂ ਡੀ.ਐੱਸ.ਪੀ., ਐੱਸ.ਐੱਸ.ਪੀ. ਤੇ ਹੋਰ ਪਤਾ ਨਹੀਂ ਕਿਹਨੂੰਕਿਹਨੂੰ ਬੁਰਾਭਲਾ ਆਖੀ ਜਾ ਰਿਹਾ ਸੀ ਕਿ ਜਿਹੜੇ ਕਿ ਉਸ ਦੇ ਲਾਡਲੇ ਬਿਮਾਰ ਪੁੱਤਰ ਪਿੰਕੂ ਨੂੰ 'ਰਾਜ਼ੀ' ਨਹੀਂ ਸਨ ਹੋਣ ਦੇ ਰਹੇ।

# ਟੈਲੀਵਿਜਨ



ਅੱਜ ਸਾਰਾ ਪਰਿਵਾਰ ਬੇਬੇ-ਬਾਪੂ, ਭੈਣਾਂ, ਭਰਾ, ਤਾਇਆ ਜਾਗਰ ਵੀ 10-10 ਦੇ ਨੋਟਾਂ ਦਾ ਹਾਰ ਲੈ ਕੇ ਆਇਆ ਕਹਿੰਦਾ " ਹਰਜੀਤ ਪੁੱਤ ਦਾ ਸਵਾਗਤ ਕਰਨਾ ਮੈਂ " ।ਇਸ ਤਰ੍ਹਾਂ ਹਰਜੀਤ ਦੀ ਉਡੀਕ ਨੇ ਘਰ ਵਿੱਚ ਵਿਆਹ ਵਾਲਾ ਮੌਹਲ ਬਣਾ ਦਿੱਤਾ, ਉਡੀਕਦੇ ਵੀ ਕਿਉਂ ਨਾ ਤਿੰਨ ਭੈਣਾਂ ਦਾ ਇੱਕਲਾ-ਇੱਕਲਾ ਵੀਰ ਉਹ ਵੀ ਦੇਸ ਦੀ ਸੇਵਾ ਲਈ ਫੌਜ ਵਿੱਚ ਭਰਤੀ ਹੋ ਗਿਆ। ਉਡੀਕਾਂ ਖਤਮ ਹੋਈਆਂ ਪੂਰੇ ਡੇਢ ਸਾਲ ਬਾਅਦ ਹਰਜੀਤ ਛੁੱਟੀ ਆਇਆ ਤੇ ਇਹ ਉਸ ਦੀ ਪਹਿਲੀ ਛੁੱਟੀ ਹੋਣ ਕਰਕੇ ਪਿੰਡ ਦੇ ਲੋਕਾਂ ਨੇ ਵੀ ਉਸ ਦਾ ਸਵਾਗਤ ਕੀਤਾ ।

ਹਰਜੀਤ ਦਾ ਪਿੰਡ, ਸਹਿਰ ਤੇ ਜਿ਼ਲ੍ਹੇ ਵਿੱਚ ਇੱਕ ਚੰਗੇ ਦੌੜਾਕ ਦੇ ਤੌਰ ਤੇ ਕੁੱਝ ਹੀ ਸਮੇਂ ਵਿੱਚ ਚੰਗਾ ਨਾਮ ਬਣ ਗਿਆ ਸੀ ਚਾਹੇ ਇਸ ਪਿੱਛੇ ਉਸ ਦੀ ਮੇਹਨਤ ਤੇ ਕੋਚ ਦਾ ਬਹੁਤ ਯੋਗਦਾਨ ਹੈ , ਜਿੰਨਾਂ ਸਦਕੇ ਉਹ ਫੌਜ ਦੇ ਖੇਡ ਵਿੰਗ ਵਿੱਚ ਭਰਤੀ ਹੋਇਆ। ਪਰ ਕਿਤੇ -ਨਾ-ਕਿਤੇ ਉਸ ਦੇ ਤਾਏ ਦਾ ਵੀ ਹੱਥ ਹੈ ਜਿਸ ਕਰਕੇ ਉਸ ਨੂੰ ਇਹ ਰਾਹ ਮਿਲਿਆ ।

ਹਰਜੀਤ ਦੇ ਘਰ ਦੀ ਹਾਲਤ ਪਹਿਲਾਂ ਬਹੁਤ ਮਾੜੀ ਸੀ। ਪਿਤਾ ਦੀ ਦਿਹਾੜੀ ਨਾਲ ਗੁਜਾਰਾ ਚਾਹੇ ਮੁਸਕਿਲ ਨਾਲ ਹੁੰਦਾ ਸੀ ਪਰ ਤਿੰਨ ਧੀਆਂ ਤੇ ਚੌਥਾ ਹਰਜੀਤ ਦੀ ਪੜ੍ਹਾਉਣ ਲਈ ਹਰ ਯਤਨ ਕੀਤਾ ਪਰ ਗਰੀਬੀ ਦੀਆਂ ਜੰਜੀਰਾਂ ਵਿੱਚ ਹੀ ਜਕੜਿਆ ਰਿਹਾ। ਹਰਜੀਤ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ, ਉਸ ਸਮੇਂ ਉਹਨਾਂ ਦੇ ਘਰ ਟੈਲੀਵਿਜਨ ਨਹੀਂ ਸੀ, ਉਹ ਟੈਲੀਵਿਜਨ ਵੇਖਣ ਆਪਣੇ ਤਾਏ ਕੇ ਘਰ ਚਲਾ ਜਾਂਦਾ ਕੁੱਝ ਦਿਨ ਤਾਂ ਜਾਗਰ ਚੁੱਪ ਚਾਪ ਵੇਖਦਾ ਰਿਹਾ ਕਿ ਜੀਤਾ ਹਰ ਰੋਜ ਉਹਨਾਂ ਦੇ ਘਰ ਆਉਣ ਲੱਗਾ ਪਰ ਜਾਗਰ ਨੂੰ ਇਹ ਪਸੰਦ ਨਹੀਂ ਸੀ, ਹੁਣ ਜਦੋਂ ਵੀ ਜੀਤਾ ਟੈਲੀਵਿਜਨ ਵੇਖਣ ਆਉਂਦਾ ਤਾਂ ਜਾਗਰ ਬਿਜਲੀ ਵਾਲੇ ਮੀਟਰ ਕੋਲੋਂ ਬਿਜਲੀ ਬੰਦ ਕਰ ਦਿੰਦਾ । ਇੱਕ ਦਿਨ ਜੀਤੇ ਨੇ ਤਾਏ ਨੂੰ ਮੀਟਰ ਤੋਂ ਬਿਜਲੀ ਬੰਦ ਕਰਦੇ ਵੇਖਿਆ ਤੇ ਮਨ ਬਹੁਤ ਦੁਖੀ ਹੋਇਆ ਤੇ ਘਰ ਜਾ ਰੌਣ ਲੱਗਾ।

" ਕੀ ਹੋ ਗਿਆ ਮੇਰੇ ਪੁੱਤ ਨੂੰ " ਜੀਤੇ ਦੀ ਮਾਂ ਨੇ ਜੀਤੇ ਨੂੰ ਬੁੱਕਲ ਵਿੱਚ ਲੈਂਦਿਆਂ ਕਿਹਾ।

" ਕੁੱਝ ਨੀ ਮਾਂ, ਆਪਾਂ ਟੈਲੀਵਿਜਨ ਕਦੋਂ ਲਿਆਵਾਂਗੇ,

" ਕੋਈ ਨਾ ਪੁੱਤ ਰੋਈਦਾ ਨਹੀਂ ਹੁੰਦਾ, ਲੈਣ ਆਵਾਂਗੇ, ਰੱਬ ਘਰ ਦੇਰ ਹੈ ਹਨੇਰ ਨਹੀਂ, ਤੈਨੂੰ ਤਾਂ ਪਤਾ ਹੀ ਹੈ ਪੁੱਤ ਤੇਰੇ ਬਾਪੂ ਦੀ ਦਿਹਾੜੀ ਨਾਲ ਤਾਂ ਦੋ ਡੰਗ ਰੋਟੀ ਮਿਲ ਜੇ ਇਹੀ ਬਹੁਤ ਐ, ਟੈਲੀਵਿਜਨ ਤਾਂ ਬਹੁਤ ਦੂਰ ਦੀ ਗੱਲ ਐ" ਗੱਲ ਕਰਦੇ ਕਰਦੇ ਜੀਤੇ ਦੀ ਮਾਂ ਗੁਜਰੀ ਦੇ ਅੱਖੀਆਂ ਹੁੰਝੂ ਨਾਲ ਭਰ ਗਈਆਂ।

ਹਰਜੀਤ ਨੇ ਆਪਣੇ ਮਨ ਨੂੰ ਸਮਝਾਇਆ ਤੇ ਉਸ ਦਿਨ ਤੋਂ ਬਾਅਦ ਆਪਣੇ ਤਾਏ ਘਰ ਕਦੇ ਟੀਵੀ ਦੇਖਣ ਨਹੀਂ ਗਿਆ । ਹਰਜੀਤ ਆਪਣੀ ਦਸਵੀਂ ਦੇ ਪੇਪਰ ਦੇ ਚੁੱਕਾ ਸੀ ਤੇ ਉਹ ਪਿੰਡੋਂ ਸਹਿਰ ਬੱਸ ਤੇ ਜਾਂਦੇ ਹੋਏ ਆਪਣੇ ਮਿੱਤਰ ਨੂੰ ਕਿਹਾ ਉਸ ਨੂੰ ਕੋਈ ਕੰਮ ਹੀ ਲੱਭ ਦੇ ਦੋ ਮਹੀਨੇ ਵਿਹਲਾ ਹਾਂ, ਉਸਦੇ ਦੋਸਤ ਮੀਤੇ ਨੇ ਉਸ ਨੂੰ ਬੱਸ ਅੱਡੇ ਤੇ ਲੱਗਿਆ ਕੰਧ ਤੇ ਖੇਡਾਂ ਦਾ ਪੋਸਟਰ ਪੜਾਇਆ ਜਿਸ ਵਿਚ ਦੌੜਾਂ ਵਿਚ ਭਾਗ ਲੈਣ ਵਾਲਿਆਂ ਨੂੰ ਇਨਾਮ ਦਾ ਵੇਰਵਾ ਦਿੱਤਾ ਹੋਇਆ ਸੀ ਹਰਜੀਤ ਨੇ ਦੌੜਾਂ ਵਿਚ ਭੱਜਣ ਦਾ ਮਨ ਬਣਾ ਲਿਆ । ਹਰਜੀਤ ਕੰਮ ਦੀ ਭਾਲ ਦੀ ਥਾਂ ਪਿੰਡ ਦੇ ਖੇਡ ਮੇਲੇ ਵਿੱਚ ਜਾ ਆਪਣਾਂ ਨਾਮ ਦਰਜ ਕਰਵਾ ਲਿਆਂ ਤੇ ਦੌੜਾਂ ਵਿੱਚ ਪਹਿਲੇ ਨੰਬਰ ਤੇ ਨਾ ਆਕੇ ਨਗਦ ਇਨਾਮ ਰਾਸੀ ਪ੍ਰਾਪਤ ਕੀਤੀ। ਇਨਾਮ ਦੀ ਰਾਸੀ ਪ੍ਰਾਪਤ ਕਰਕੇ ਹਰਜੀਤ ਦਾ ਮਨ ਬਹੁਤ ਖੁਸ ਹੋਇਆ, ਤੇ ਸੋਚਣ ਲੱਗਾ ਕਿ ਇਹ ਪੈਸੇ ਬੇਬੇ ਨੂੰ ਜਾ ਦੇਣੇ ਹਨ ਕਹਿਣਾ ਹੈ ਟੈਲੀਵਿਜਨ ਲਈ ਜੋੜ ਲੈ ਮਾਂ। ਇਸ ਖੇਡ ਮੇਲੇ ਵਿੱਚ ਕੋਚ ਹਰਮਨ ਮੋਜੂਦ ਹੋਣ ਕਰਕੇ ਜਦੋਂ ਉਸ ਨੇ ਹਰਜੀਤ ਨੂੰ ਟਰੈਕ ਤੇ ਦੋੜਦਾ ਵੇਖਿਆ ਤਾਂ ਉਸ ਨੂੰ ਉਹ ਹਵਾ ਨੂੰ ਚੀਰਦਾ ਮਿਲਖਾ ਸਿੰਘ ਵਾਂਗ ਨਜਰ ਆਇਆ। ਖੇਡਾਂ ਦੀ ਸਮਾਪਤੀ ਤੇ ਕੋਚ ਹਰਮਨ ਨੇ ਹਰਜੀਤ ਨੂੰ ਕੋਚਿੰਗ ਲੈਣ ਲਈ ਸਵੇਰੇ-ਸਾਮ ਸਟੇਡੀਅਮ ਆਉਣ ਲਈ ਕਿਹਾ। ਹਰਜੀਤ ਹਰ ਰੋਜ ਪਿੰਡੋਂ ਸਹਿਰ ਜੋ ਪੰਜ ਛੇ ਕਿਲੋਮੀਟਰ ਦੂਰ ਹੈ ਦੋੜ ਕਿ ਆਉਣ ਲੱਗਾ । ਫਿਰ ਉਹ ਖੇਡਾਂ ਵਿਚ ਭਾਗ ਲੈਦਾਂ ਲੈਂਦਾਂ ਕਾਫੀ ਪ੍ਰਸਿੱਧ ਹੋ ਗਿਆ। ਇਕ ਦਿਨ ਫੋਜ ਨੇ ਸਟੇਡੀਅਮ ਚ' 17 ਸਾਲਾਂ ਤੋਂ ਘੱਟ ਉਮਰ ਵਾਲੇ ਖਿਡਾਰੀਆਂ ਦੇ ਕੈਂਪ ਲਈ ਦੌੜਾਂ ਦਾ ਪ੍ਰੰਬਧ ਕੀਤਾ । ਹਰਜੀਤ ਕੋਚ ਸਾਹਿਬ ਦੇ ਕਹਿਣ ਤੇ ਭਾਗ ਲੈਣ ਪਹੁੰਚ ਗਿਆ। ਦੌੜਾਂ ਵਿੱਚ ਹਰਜੀਤ ਨੂੰ ਦੌੜਦਾ ਵੇਖ ਕੈਂਪ ਕੰਮਡਰ ਨੇ ਹਰਜੀਤ ਦੀ ਚੋਣ ਕਰ ਲਈ ਤੇ ਹਰਜੀਤ ਨੂੰ ਫੌਜ ਦੇ ਖੇਡ ਵਿੰਗ ਚ ਭਰਤੀ ਕਰ ਦੇਸ ਲਈ ਖੇਡਣ ਨੂੰ ਕਿਹਾ। ਇਹ ਸਭ ਕੁੱਝ ਸੁਣ ਹਰਜੀਤ ਦੇ ਪੈਰਾਂ ਥੱਲੋਂ ਜਮੀਨ ਹੀ ਨਿੱਕਲ ਗਈ ਹੋਵੇ ਉਸ ਇੰਝ ਜਾਪਿਆ ਉਸ ਨੇ ਨਾਲ ਆਏ ਆਪਣੇ ਦੋਸਤ ਮੀਤੇ ਨੂੰ ਕਿਹਾ ਕਿ ਘਰੇ ਦੱਸ ਦੇਣਾ। ਬੱਸ ਫਿਰ ਫੌਜ ਦੀ ਟ੍ਰੇਨਿੰਗ ਕਰਨ ਉਪਰੰਤ ਜਦੋਂ ਉਹ ਪੂਰੇ ਡੇਢ ਸਾਲ ਬਾਅਦ ਘਰ ਵਾਪਿਸ ਆਇਆ ਤਾਂ ਆਪਣੀ ਤਨਖਾਹ ਵਿਚੋਂ ਉਸ ਨੇ ਦੋ ਰੰਗਦਾਰ ਟੈਲੀਵਿਜਨ ਖਰੀਦੇ ਜੋ ਉਸਨੇ ਆ ਕੇ ਇਕ ਆਪਣੀ ਮਾਂ ਨੂੰ ਤੇ ਇੱਕ ਤਾਏ ਜਾਗਰ ਨੂੰ ਗਿਫਟ ਕੀਤਾ। ਤਾਇਆ ਰੰਗਦਾਰ ਟੈਲੀਵਿਜਨ ਵੇਖ ਸਰਮਿੰਦਾ ਜਿਹਾ ਹੋਇਆ ਤੇ ਹਰਜੀਤ ਨੂੰ ਕਹਿਣ ਲੱਗਾ " ਜੀਤੇ ਪੁੱਤ ਇਹਦੀ ਕੀ ਲੋੜ ਸੀ........"

" ਨਹੀਂ ਤਾਇਆ, ਜੇ ਤੂੰ ਮੈਨੂੰ ਉਦੋਂ ਨਾ ਰੋਕਦਾ ਤਾਂ ਮੇਰੀ ਜਿੰਦਗੀ ਰੰਗੀਨ ਨਹੀਂ ਹੋਣੀ ਸੀ, ਇਹ ਤੇਰੇ ਕਰਕੇ ਹੀ ਸੰਭਵ ਹੋਇਆ " ....... ਹਰਜੀਤ ਨੇ ਤਾਇਆ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਕਿਹਾ।

ਇਹ ਗੱਲ ਸੁਣ ਤਾਏ ਨੇ ਜੀਤੇ ਨੂੰ ਘੁੱਟ ਜੱਫੀ ਪਾਈ ਤੇ ਅੱਖੀਆਂ ਭਰ ਆਈਆਂ ਤੇ ਬੋਲਿਆ " ਜਿਉਂਦਾ ਰਹਿ ਲੰਮੀਆਂ ਉਮਰਾਂ ਮਾਣੇ ਮੇਰਾ ਪੁੱਤ "।

ਦੋਹਾਂ ਪਰਿਵਾਰਾਂ ਵਿਚ ਅੱਜ ਖੁਸੀ ਵਾਲਾ ਮਾਹੌਲ ਬਣਿਆ ਹੋਇਆ ਤੇ ਸਾਰੇ ਆਂਡੀ ਗੁਆਢੀ ਫੌਜ ਦੀ ਨੌਕਰੀ ਤੇ ਨਵੇਂ ਟੈਲੀਵਿਜਨ ਦੀਆਂ ਵਧਾਈਆਂ ਦੇ ਰਹੇ ਸਨ। ਤੇ ਹਰਜੀਤ ਕੋਠੇ ਚੱੜ ਕੇ ਐਨਟੀਨਾ ਘੁੰਮਾ ਕੇ ਸਿੰਗਲ ਠੀਕ ਕਰ ਰਿਹਾ ਸੀ ਨਾਲ ਖੁਸੀਆਂ ਵੰਡਦਾ ਜਾਪਦਾ ਹੈ ।



ਅਸਿ. ਪ੍ਰੋ. ਗੁਰਮੀਤ ਸਿੰਘ
ਸਰਕਾਰੀ ਕਾਲਜ ਮਾਲੇਰਕੋਟਲਾ
94175-45100

# ਰਿਕਸ਼ਾ ਅਤੇ ਜਹਾਜ ਦੀ ਪੌੜੀਆਂ

ਪਿਛਲੇ ਦਿਨੀਂ ਆਪਣੇ ਦੋਸਤ ਨਾਲ ਉਸ ਦੀ ਮਾਤਾ ਜੀ ਦੀ ਦਵਾਈ ਲੈਣ ਲਈ ਬਠਿੰਡੇ ਜਾਣ ਦਾ ਮੌਕਾ ਮਿਲਿਆ ਤਾਂ ਗੱਡੀ ਰਾਹੀਂ ਬਠਿੰਡਾ ਪਹੁੰਚੇ ਰਾਹ ਵਿੱਚ ਅਨੇਕਾਂ ਜੀਵਨ ਦੀਆਂ ਗਤੀਵਿਧੀਆਂ ਨੂੰ ਫਰੋਲਦੇ ਹੋਏ ਪੁਰਾਣੀਆਂ ਯਾਦਾਂ ਨੂੰ ਸਾਂਝਾ ਕੀਤਾ ਅਤੇ ਤਕਰੀਬਨ ਗਿਆਰਾਂ ਵਜੇ ਤਕ ਅਸੀਂ ਬਠਿੰਡੇ ਗਲੋਬਲ ਹਸਪਤਾਲ ਵਿੱਚ ਪਹੁੰਚ ਗਏ । ਹਸਪਤਾਲ ਵਿੱਚ ਮਰੀਜ਼ਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਦੋਸਤ ਨੂੰ ਕਿਹਾ ਕਿ ਤੁਸੀਂ ਮਾਤਾ ਜੀ ਕੋਲ ਬੈਠੋ ਮੈਂ ਥੱਲੇ ਚੱਲਿਆ ਹਾਂ,ਹਸਪਤਾਲ ਦੀਆਂ ਪੌੜੀਆਂ ਉਤਰ ਕਿ ਬਾਹਰ ਰੋਡ ਤੇ ਆ ਗਿਆ ਮਨ ਹੀ ਮਨ ਚਾਹ ਦੀਆਂ ਚੁਸਕੀਆਂ ਨੂੰ ਭਾਲ ਰਿਹਾ ਸੀ,ਅਤੇ ਚਾਰੇ ਪਾਸੇ ਨਿਗ੍ਹਾ ਮਾਰੀ ਤਾਂ ਇਕ ਚਾਹ ਵਾਲਾ ਖੋਖਾ ਨਜ਼ਰ ਆਇਆ ਉਹ ਚਾਹ ਵਾਲੇ ਖੋਖੇ ਤੇ ਪਹੁੰਚ ਕੇ ਬਾਬਾ ਜੀ ਨੂੰ ਕਿਹਾ ਕਿ ਇੱਕ ਕੱਪ ਚਾਹ ਦਾ ਦਿਓ ਜੀ, ਇੰਨੇ ਨੂੰ ਸਾਹਮਣੇ ਇਕ ਆਈਲੈਟਸ ਸੈਂਟਰ ਤੇ ਨਜਰ ਪਈ, ਉੱਥੇ ਕਈ ਨੌਜਵਾਨ ਮੁੰਡੇ ਕੁੜੀਆਂ ਆ ਜਾ ਰਹੇ ਸਨ । ਬਾਬਾ ਜੀ ਨੇ ਚਾਹ ਦੀ ਗਲਾਸੀ ਹੱਥ ਵਿੱਚ ਫੜ੍ਹਾਈ ਅਤੇ ਚਾਹ ਦੀਆਂ ਚੁਸਕੀਆਂ ਦਾ ਆਨੰਦ ਲੈਣ ਲੱਗਾ, ਇੰਨੇ ਨੂੰ ਇੱਕ ਜੋੜਾ ਰਿਕਸ਼ੇ ਤੇ ਆਇਆ,ਰਿਕਸ਼ੇ ਵਾਲੇ ਭਾਈ ਦੀਆਂ ਮੱਥੇ ਦੀਆਂ ਤਿਉੜੀਆਂ ਤੇ ਆਇਆ ਹੋਇਆ ਪਸੀਨਾ ਏ ਦੱਸ ਰਿਹਾ ਸੀ ,ਕਿ ਲੱਗਦਾ ਕਾਫ਼ੀ ਦੂਰ ਤੋਂ ਇਨ੍ਹਾਂ ਨੂੰ ਇੱਥੋਂ ਤੱਕ ਲੈ ਕੇ ਆਇਆ ਹੈ, ਚੋਰੀ ਚੋਰੀ ਰਿਕਸ਼ਾ ਚਾਲਕ ਦੀਆਂ ਅੱਖਾਂ ਨੂੰ ਵੇਖਿਆ ਤਾਂ ਉਹ ਜੋੜੇ ਦੀਆਂ ਜੇਬਾਂ ਵੱਲ ਤੱਕਣ ਲੱਗਾ,ਉਸ ਸਵਾਰੀ ਜੋੜੇ ਨੇ ਬਾਬਾ ਜੀ ਨੂੰ ਪੁੱਛਿਆ ਕਿ ਦੱਸੋ ਕਿੰਨਾ ਕਿਰਾਇਆ ਲੈਣਾ ਹੈ, ਤਾਂ ਬਾਬੇ ਜੀ ਨੇ ਸਹਿਜਤਾ ਨਾਲ ਕਹਿੰਦੇ ਹੋਏ ਕਹਿ ਕੀ ਪੁੱਤਰ ਜੀ ਤੁਸੀਂ ਮੈਨੂੰ ਸੱਤਰ ਰੁਪਏ ਦੇ ਦਿਓ ਇਹ ਸੁਣਦਿਆਂ ਹੀ ਜੋੜਾ ਅੱਗ ਬਗੋਲਾ ਹੋ ਗਿਆ ਬੋਲਣ ਲੱਗੇ ਇੱਥੋਂ ਤਾਂ ਅਸੀਂ ਆਏ ਹਾਂ ਕਿੰਨੀ ਕੁ ਦੂਰ ਤੋਂ ਤੁਸੀਂ ਸਾਨੂੰ ਲੈ ਕੇ ਆਏ ਹੋ। ਬਾਬਾ ਜੀ ਦੇ ਸੱਤਰ ਰੁਪਈਆਂ ਦੇ ਬਦਲੇ ਉਨ੍ਹਾਂ ਨੇ ਸੱਤਰ ਕੁ ਸਵਾਲ ਬਾਬਾ ਜੀ ਅੱਗੇ ਕੱਢ ਕੇ ਰੱਖ ਦਿੱਤੇ,ਬਾਬਾ ਜੀ ਨੂੰ ਕਹਿਣ ਲੱਗੇ ਅਸੀਂ ਤਾਂ ਸਿਰਫ਼ ਪੰਜਾਹ ਰੁਪਏ ਦੇਣੇ ਹਨ,ਰਿਕਸ਼ਾ ਚਾਲਕ ਨੇ ਜਵਾਬ ਦਿੱਤਾ ਜਿਵੇਂ ਤੁਹਾਡੀ ਖੁਸ਼ੀ ਹੈ,ਮੈਨੂੰ ਮਨਜ਼ੂਰ ਹੈ,ਉਨ੍ਹਾਂ ਨੇ ਰਿਕਸ਼ਾ ਚਾਲਕ ਨੂੰ ਪੰਜਾਹ ਰੁਪਏ ਦਿੱਤੇ ਅਤੇ ਆਈਲੈਟਸ ਸੈਂਟਰ ਦੀਆਂ ਪੌੜੀਆਂ ਚੜ੍ਹਨ ਲੱਗੇ,ਉਸ ਜੋੜੇ ਵੱਲ ਦੇਖ ਕੇ ਸੋਚ ਰਿਹਾ ਸੀ,ਕਿ ਇਹ ਜਹਾਜ ਦੀਆਂ ਪੌੜੀਆਂ ਨੂੰ ਕਿਸ ਤਰ੍ਹਾਂ ਚੜ੍ਹਨਗੇ, ਕੀ ਇਹ ਜਹਾਜ ਦੀਆਂ ਪੌੜੀਆਂ ਚੜਨ ਲਾਈਕ ਹਨ, ਜਾਣਾ ਇਨ੍ਹਾਂ ਲੋਕਾਂ ਨੇ ਬਾਹਰਲੇ ਦੇਸ਼ਾਂ ਵਿੱਚ ਹੈ ,ਲੜੀ ਇਹ ਰਿਕਸ਼ੇ ਵਾਲੇ ਨਾਲ ਜਾਂਦੇ ਹਨ ਉਸ ਦੀ ਮਿਹਨਤ ਮਜਦੂਰੀ ਦਾ ਵੀ ਪੂਰਾ ਮੁੱਲ ਨਹੀਂ ਦੇ ਰਹੇ ਜੋ ਇੱਕ ਡੰਗਰਾਂ ਵਾਂਗ ਉਨ੍ਹਾਂ ਨੂੰ ਢੋਹ ਕੇ ਇੱਥੋਂ ਤੱਕ ਲੈ ਕੇ ਆਇਆ ਹੈ,ਸੋਚ ਰਿਹਾ ਸੀ ਕਿ ਜਿੰਨਾ ਇਹ ਰਿਕਸ਼ੇ ਵਾਲੇ ਨਾਲ ਲੜੇ ਸਨ ,ਜੇਕਰ ਇਹ ਆਪਣੇ ਹੀ ਹੱਕਾਂ ਲਈ ਅਸੀਂ ਸਰਕਾਰਾਂ ਨਾਲ ਲੜੀਏ ਤਾਂ ਸ਼ਾਇਦ ਸਾਨੂੰ ਬਾਹਰ ਜਾਣ ਦੀ ਲੋੜ ਹੀ ਕਿਉਂ ਪਵੇ,ਦੂਜੇ ਪਾਸੇ ਝਾਤੀ ਮਾਰੀ ਜਾਵੇ ਤਾਂ ਜੇਕਰ ਇਨ੍ਹਾਂ ਲੋਕਾਂ ਨੇ ਬਾਹਰ ਜਾਣ ਤੇ ਲੱਖਾਂ ਰੁਪਏ ਲਾਉਣੇ ਹਨ, ਤਾਂ ਇਕ ਰਿਕਸ਼ਾ ਚਾਲਕ ਦਾ ਕਿਰਾਇਆ ਵੀ ਨਹੀਂ ਭਰ ਸਕਦੇ ਤੇ ਉਸ ਰਿਕਸ਼ੇ ਵਾਲੇ ਚਾਲਕ ਦਾ ਜਿਗਰਾ ਦੇਖੋ ਸੱਤਰ ਰੁਪਏ ਦੀ ਬਜਾਏ ਪੰਜਾਹ ਰੁਪਏ ਲੈ ਕੇ ਵੀ ਖੁਸ਼ ਸੀ,ਸੋਚੋ ਬਾਹਰ ਜਾਣ ਦੇ ਲਾਈਕ ਕੌਣ ਹੈ ਅਤੇ ਰਿਕਸ਼ਾ ਚਲਾਉਣ ਦੇ ਲਾਈਕ ਕੌਣ ਹੈ, ਅਸਲ ਵਿੱਚ ਜੇਕਰ ਅਸੀਂ ਬਾਹਰ ਲੱਖਾਂ ਰੁਪਏ ਲਾ ਕੇ ਜਾਣਾ ਹੈ ਤਾਂ ਸਾਨੂੰ ਇਹੋ ਜਿਹੇ ਲੋਕਾਂ ਦੀ ਮਜਦੂਰੀ ਦਾ ਪੂਰਾ ਮੁੱਲ ਦੇਣਾ ਚਾਹੀਦਾ ਹੈ,ਉਨ੍ਹਾਂ ਨਾਲ ਲੜਨਾ ਝਗੜਨਾ ਨਹੀਂ ਚਾਹੀਦਾ ਹੈ। ਸੱਚਮੁੱਚ ਜੇਕਰ ਸਾਡੇ ਸੁਪਨੇ ਵੱਡੇ ਹਨ ਤਾਂ ਸਾਡਾ ਦਿਲ ਵੀ ਵੱਡਾ ਹੋਣਾ ਚਾਹੀਦਾ ਹੈ।

ਗੁਰਪ੍ਰੀਤ ਸਿੰਘ ਸੰਧੂ
ਪਿੰਡ ਗਹਿਲੇ ਵਾਲਾ
ਜ਼ਿਲਾ ਫਾਜ਼ਿਲਕਾ
9988766013

# ਕਹਾਣੀ ਟੁੱਟਦੇ ਸੁਪਨੇ



ਮੈਂ ਕਿਹਾ ਸੁਣਦੇ ਓ ਜੀ.... ਆਪਣੇ ਬਿਟੂ ਤੇ ਅੰਮੋ ਦੀ ਫੀਸ ਦੇਣੀ ਆ..... ਸਕੂਲ ਵਾਲੇ ਰੋਜ ਕਾਪੀ ਤੇ ਲਿਖ ਕੇ ਭੇਜ ਦਿੰਦੇ। ਅੱਜ ਏਹਦੀ ਮੈਡਮ ਦਾ ਫੂਨ ਵੀ ਆਇਆ ਕਹਿੰਦੀ ਜੇ ਫੀਸ ਨਾ ਦਿੱਤੀ ਪੇਪਰ ਚ ਨੀ ਬਹਿਣ ਦੇਣਾ। ਭਾਂਡੇ ਮਾਂਜਦੀ ਅਮਰੀਕ ਕੌਰ ਨੇ ਮੰਜੇ ਤੇ ਬੈਠੇ ਆਪਣੇ ਘਰਵਾਲੇ ਨੂੰ ਸੰਬੋਧਿਤ ਹੁੰਦਿਆਂ ਕਿਹਾ। ਕਿੱਥੋ ਲਿਆਵਾਂ ਮੈਂ ਫੀਸ ਦੇ ਪੈਸੇ, ਮੈਂ ਤਾਂ ਪਹਿਲਾਂ ਹੀ ਉਸ ਰਾਹੇ ਨਹੀ ਪੈਦਾਂ ਜਿੱਧਰੋਂ ਦੀ ਆੜਤੀਆ ਲੰਘਦਾ। ਉਸ ਕੋਲੋ ਵੀ ਫਸਲ ਆਉਣ ਤੋਂ ਪਹਿਲਾਂ ਹੀ ਪੈਸਾ ਖਾ ਲਿਆ ਆਪਾ। ਇੱਕ ਮੇਰੀ ਬਿਮਾਰੀ, ਉਤੋਂ ਘਰ ਦੇ ਖਰਚੇ ਤੇ ਆ ਜਵਾਕਾਂ ਦੀ ਫੀਸ.... ਕਈ ਵਾਰ ਤੇ ਜੀਅ ਕਰਦਾ ਕੁਝ ਖਾ ਈ ਲਵਾਂ ਤੇ ਸਿਆਪਾ ਨਬੇੜਾ... ਹਾਏ ਹਾਏ ਵਾਗਰੂ ਕਹੋ ਸੁਖੀ ਸਾਂਦੀ ਹੋ ਜੂ ਆਪੇ ਕੋਈ ਹੀਲਾ ਵਸੀਲਾ, ਰੱਬ ਕੋਈ ਨਾ ਕੋਈ ਟਾਹਣੀ ਨਿਵਾ ਹੀ ਦਿੰਦਾ ਹੁੰਦਾ। ਆਹੋ ਨਿਵਾ ਦਿੰਦਾ ਹੁੰਦਾ .... ਰੱਬ ਵੀ ਵੱਡਿਆਂ ਦੀ ਈ ਏ ਆਪਣੇ ਵਰਗੇ ਗਰੀਬਾਂ ਦੀ ਤਾਂ ਓ ਵੀ ਬਾਂਹ ਨਹੀ ਫੜਦਾ। ਨਾ ਜੀ ਨਾ ਏਦਾ ਨਾ ਸੋਚੋ ਆਪਣੇ ਧੀ ਪੁੱਤ ਪੜ ਲਿਖ ਗਏ ਤਾਂ ਆਪੇ ਕਮਾਉਣ ਲੱਗ ਜਾਣਾ । ਤੁਸੀਂ ਸਬਰ ਰੱਖੋ। ਆਪਣੀ ਅੰਮੋ ਪੜਾਈ ਵਿੱਚ ਬੜੀ ਹੁਸਿ਼ਆਰ ਜੇ.... ਅੰਮੋ ਨੂੰ ਆਪਾ ਆਈਲੈਟਸ ਕਰਵਾ ਕੇ ਬਾਹਰ ਘੱਲਦਾ ਗੇ ਤੇ ਬਿੱਟੂ ਨੂੰ ਇੱਥੇ ਹੀ ਪੜਾਈ ਲਿਖਾਈ ਕਰਵਾ ਦੇਵਾਂਗੇ। ਅੰਮੋ ਦੀ ਗੱਲ ਤਾਂ ਠੀਕ ਪਰ ਆ ਤੇਰੇ ਪੁੱਤ ਦੇ ਲੱਛਣ ਮੈਨੂੰ ਚੰਗੇ ਨਹੀਂ ਲੱਗਦੇ, ਸਾਰਾ ਦਿਨ ਆਵਾਰਾਗਰਦੀ ਕਰਦਾ ਰਹਿੰਦਾ।ਨਾ ਜੀ ਨਾ ਜੀ ਡਮਾਗ ਬੜਾ ਜੇ ਓਹਦਾ ਜਿਹੜਾ ਕੰਮ ਧਿਆਨ ਲਾ ਕਰੇ ਪਲੇ ਬੰਨ ਲੈਂਦਾ ਤੇ ਝੱਟ ਦੇਣੀ ਸਿੱਖ ਜਾਂਦਾ ਜੇ... ਏਵੇਂ ਨਾ ਮੇਰੇ ਪੁੱਤ ਨੂੰ ਮਾੜਾ ਕਿਹਾ ਕਰੋ.... ਆਹ... ਸਿਰ ਤੇ ਚੁੰਨੀ ਠੀਕ ਕਰਦੀ ਅਮਰੀਕ ਕੌਰ ਬੋਲੀ।

ਏਦਾਂ ਨਿਆਣਿਆਂ ਦੀਆਂ ਗੱਲਾਂ ਕਰਦੇ ਕਰਦੇ ਦੋਵਾਂ ਜਾਣਿਆ ਦਾ ਕਿੰਨਾ ਸਮਾਂ ਟੱਪ ਗਿਆ। ਸਕੂਲੋਂ ਜਵਾਕ ਘਰ ਆਏ ਤਾਂ ਅੰਮੋ ਦਾ ਮੂੰਹ ਵੀ ਕੁਝ ਉਤਰਿਆ ਪਿਆ ਸੀ ਤੇ ਬਿੱਟੂ ਨੇ ਆਉਦੇਂ ਬਸਤਾ ਵਗਾਤਾ ਪੈਰਾਂ ਵਿੱਚ ਮਾਰਿਆ, ਜੇ ਸਾਡੇ ਖਰਚੇ ਨਹੀਂ ਸੀ ਚੁੱਕ ਸਕਦੇ ਫਿਰ ਸਾਨੂੰ ਜੰਮਿਆ ਕਿਉਂ... ਜੇ ਫੀਸ ਨਹੀਂ ਸੀ ਦਿੱਤੀ ਜਾਂਦੀ ਫਿਰ ਸਕੂਲ ਲਾਇਆ ਕਿਉਂ ਸਾਨੂੰ..... ਸਾਰੀ ਜਮਾਤ ਸਾਹਮਣੇ ਮੇਰੀ ਬੇਇੱਜਤੀ ਹੋ ਜਾਂਦੀ! ਸਾਰੇ ਕਹਿੰਦੇ ਤੇਰੇ ਬਾਪੂ ਕੋਲ ਪੈਸੇ ਨਹੀਂ ਹੈਗੇ। ਬਿਟੂ ਦੀਆਂ ਖਰਵੀਆਂ ਜਿਹੀਆਂ ਗੱਲਾਂ ਸੁਣ ਦੋਵਾ ਮੀਆਂ ਬੀਵੀ ਦਾ ਹਿਰਦਾ ਲੂਸ ਗਿਆ। ਜਾਓ ਤੁਸੀਂ ਕਿਸੇ ਤੋਂ ਪੈਸਿਆਂ ਦਾ ਪਤਾ ਕਰੋ...... ਘਰਵਾਲੀ ਦੀ ਗੱਲ ਸੁਣ ਅਜੀਤ ਸਿੰਘ ਸਾਈਕਲ ਫੜ ਘਰੋਂ ਤੁਰ ਪਿਆ... ਸਾਰਿਆਂ ਨੂੰ ਅਜੀਤ ਸਿੰਘ ਦੀ ਵਿੱਤੀ ਹਾਲਤ ਦਾ ਪਤਾ ਸੀ, ਏਸੇ ਕਰਕੇ ਦੂਰੋਂ ਆਉਦਾ ਵੇਖ ਸਾਰੇ ਬੂਹਾ ਭੇੜ ਲੈਂਦੇ... ਜੇ ਕਿਸੇ ਦੇ ਘਰ ਚਲਾ ਵੀ ਜਾਂਦਾ ਤਾਂ ਲਾਣੇਦਾਰ ਦੇ ਘਰ ਹੁੰਦਿਆਂ ਹੋਇਆਂ ਵੀ ਲਾਣੇਦਾਰਨੀ ਝੂਠ ਈ ਕਹਿ ਦਿੰਦੀ... ਭਾਜੀ.. ਓ ਤਾਂ ਖੇਤਾਂ ਨੂੰ ਗਏ ਆ... ਸਭ ਕੁਝ ਜਾਣਦਾ ਹੋਇਆ ਅਜੀਤ ਸਿੰਘ ਸਾਈਕਲ ਫੜ ਰੋਜ ਕਦੇ ਕਿਸੇ, ਕਦੇ ਕਿਸੇ ਦੇ ਘਰ ਗੇੜੇ ਮਾਰਦਾ, ਉਧਰ ਬੱਚਿਆਂ ਦੇ ਇਮਤਿਹਾਨ ਸ਼ੁਰੂ ਹੋ ਗਏ ਸਨ ਤੇ ਹਰ ਰੋਜ ਬੱਚਿਆਂ ਨੂੰ ਖਲੋ ਕੇ ਪੇਪਰ ਦੇਣਾ ਪੈਂਦਾ..... ਹੁਣ ਅੰਮੋ ਤੇ ਬਿੱਟੂ ਦੇ ਆਖਰੀ ਦੋ ਇਮਤਿਹਾਨ ਰਹਿ ਗਏ ਸਨ, ਪਰ ਫੀਸ ਦਾ ਹਾਲੇ ਤੱਕ ਕੋਈ ਬੰਦੋਬਸਤ ਨਹੀਂ ਸੀ ਹੋਇਆ... ਅਗਲੇ ਦਿਨ ਜਦੋਂ ਅੰਮੋ ਤੇ ਬਿੱਟੂ ਸਕੂਲ ਗਏ ਤਾਂ ਜਾਂਦਿਆਂ ਹੀ ਦੋਵਾਂ ਨੂੰ ਅਸੈਂਬਲੀ ਵਿੱਚੋਂ ਹੀ ਘਰ ਮੋੜ ਦਿੱਤਾ... ਅੰਮੋ ਤੇ ਬਿੱਟੂ ਨੂੰ ਵੇਲੇ ਨਾਲ ਘਰ ਪਰਤਿਆ ਵੇਖ ਮਾਂ ਸਮਝ ਗਈ ਕਿ ਅੱਜ ਉਹਨਾਂ ਦਾ ਇਮਤਿਹਾਨ ਨਹੀਂ ਲਿਆ ਗਿਆ ਤੇ ਸਕੂਲੋਂ ਭੇਜ ਦਿੱਤਾ ਗਿਆ ਹੈ..... ਅੰਮੋ ਤੇ ਬਿੱਟੂ ਨੂੰ ਇਮਤਿਹਾਨ ਨਾ ਦੇ ਸਕਣ ਕਾਰਨ ਮਾਯੂਸ ਖੜੇ ਵੇਖ ਅਜੀਤ ਸਿੰਘ ਨੂੰ ਆਪਣੇ ਬੱਚਿਆਂ ਤੇ ਅਮਰੀਕ ਕੌਰ ਦੇ ਚੰਗੇ ਦਿਨਾਂ ਦੀ ਉਡੀਕ ਤੇ ਅੰਮੋ ਦੇ ਪੜ ਲਿਖ ਕੇ ਬਾਹਰ ਭੇਜਣ ਦੇ ਸੁਪਨੇ ਟੁੱਟਦੇ ਨਜਰ ਆਏ।

ਹਰਕੀਰਤ ਕੌਰ
9779118066

# ਸਾਬਤ ਸਬੂਤਾ ਪੰਜਾਬ

ਪੰਜਾਬ ਸੱਭਿਅਤਾ ਜਾਂ ਜੀਵਨ ਤਰਜ਼ ਦਾ ਨਾਂ ਹੈ। ਈਸਾ ਤੋਂ ਪਹਿਲਾਂ ਮੈਗਸਥਨੀਜ ਨੇ ਇਸ ਨੂੰ 'ਪੈਂਟੋਪੋਟੇਮੀਆ' ਦਾ ਯੂਨਾਨੀ ਨਾਂ ਦਿੱਤਾ ਸੀ, ਜਿਸ ਦਾ ਅਨੁਵਾਦ ਪੰਚ ਨਦ, ਪੰਜ ਦਰਿਆ ਜਾਂ ਪੰਜ ਪਾਣੀ ਸੀ। ਫਿਰ ਇਸ ਨੂੰ ਇਰਾਨੀਆਂ ਨੇ ਪੰਜਾਬ ਵਿਚ ਅਨੁਵਾਦ ਕਰ ਲਿਆ। ਕਿਹਾ ਨਹੀਂ ਜਾ ਸਕਦਾ ਕਿ ਯੂਨਾਨੀ ਨਾਂ ਪੈਂਟੋਪੋਟੇਮੀਆਂ ਅਤੇ ਇਰਾਨੀ ਨਾਂ ਪੰਜਾਬ, ਸੰਸਕ੍ਰਿਤ ਦੇ ਪੰਚ ਅਪ ਦਾ ਅਨੁਵਾਦ ਹੈ ਜਾਂ ਪੰਚ ਅਪ ਉਨ੍ਹਾਂ ਨਾਂਵਾਂ ਦਾ ਅਨੁਵਾਦ ਹੈ। ਪੰਜਾਬ ਦੇ ਸੰਸਕ੍ਰਿਤ ਨਾਂ ਪੰਚ-ਅਪ ਦਾ ਅਰਥ ਵੀ ਪੰਜ ਪਾਣੀ ਹੈ।

ਇਨ੍ਹਾਂ ਸਾਰੇ ਨਾਂਵਾਂ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਸੱਭਿਅਤਾ ਦੀ ਤਾਸੀਰ ਪੰਚਾਇਤੀ ਅਰਥਾਤ ਲੋਕਤੰਤਰੀ ਹੈ। ਅਪ, ਆਬ ਜਾਂ ਪਾਣੀ ਜੀਵਨ ਦਾ ਪ੍ਰਤੀਕ ਹੈ, ਜਿਸ ਦਾ ਮਤਲਬ ਲੋਕਤੰਤਰੀ ਕਦਰਾਂ-ਕੀਮਤਾਂ ਪੰਜਾਬ ਦਾ ਜੀਵਨ ਸਰੋਤ ਹੈ। ਜੇ ਪੰਜਾਬ ਨੇ ਜਿਉਣਾ ਅਤੇ ਮੌਲਣਾ ਹੈ ਤਾਂ ਇਸ ਦਾ ਪੰਚਾਇਤੀ ਤੇ ਲੋਕਤੰਤਰੀ ਸੁਭਾਅ ਜੀਵਤ ਰਹਿਣਾ ਜ਼ਰੂਰੀ ਹੈ।

ਜਦ ਅਸੀਂ ਪੰਚਾਇਤੀ ਜਾਂ ਲੋਕਤੰਤਰਿਕ ਸੰਬੋਧ ਦਾ ਇਸਤੇਮਾਲ ਕਰਦੇ ਹਾਂ ਤਾਂ ਸਾਡਾ ਭਾਵ ਹੁੰਦਾ ਹੈ, ਸਾਂਝੀਵਾਲਤਾ, ਜੋ ਸੱਚਮੁਚ ਪੰਜਾਬ ਦੀ ਮੁਢਲੀ ਪਛਾਣ ਹੈ। ਹਾਲੇ ਕੱਲ੍ਹ ਦੀ ਗੱਲ ਹੈ ਕਿ ਲਾਲਾ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਐ ਪੰਜਾਬ ਕਰਾਂ ਕੀ ਸਿਫਤ ਤੇਰੀ' ਵਿਚ ਦਿੱਲੀ, ਲਾਹੌਰ, ਸ਼ਿਮਲਾ, ਡਲਹੌਜੀ ਅਤੇ ਕਸ਼ਮੀਰ ਨੂੰ ਪੰਜਾਬ ਦੇ ਹਿੱਸੇ ਮੰਨਿਆ ਹੈ:

ਸ਼ਿਮਲਾ ਡਲਹੌਜੀ ਮਰੀ ਤਿਰੇ
ਕਸ਼ਮੀਰ ਤਿਰਾ ਗੁਲਮਰਗ ਤਿਰਾ।
ਦਿੱਲੀ ਤੇਰੀ ਲਾਹੌਰ ਤਿਰਾ
ਅੰਮ੍ਰਿਤਸਰ ਸੋਹੇ ਸਵਰਗ ਤੇਰਾ।

ਇਸੇ ਕਵਿਤਾ ਵਿਚ ਉਸ ਨੇ 'ਮਸਜਿਦ ਮੰਦਰ ਦਰਬਾਰ ਤਿਰਾ, ਮੀਆਂ ਲਾਲਾ ਸਰਦਾਰ ਤਿਰਾ' ਵੀ ਲਿਖਿਆ ਸੀ।

ਪੰਜਾਬ ਦੀ ਇਸ ਸਭਿਆਚਾਰਕ ਜਰਖੇਜ ਦੌਲਤ ਨੂੰ ਚੰਦਰੀ ਸਿਆਸਤ ਨੇ ਨਿਗਲ ਲਿਆ ਹੈ। ਪੰਜਾਬ ਦੇ ਇਲਾਕੇ ਵੰਡੇ ਅਤੇ ਗੁਆਏ ਜਾ ਚੁਕੇ ਹਨ। ਹੁਣ ਪੰਜਾਬ ਚੰਦ ਜ਼ਿਲ੍ਹਿਆਂ ਤੱਕ ਮਹਿਦੂਦ ਹੋ ਕੇ ਰਹਿ ਗਿਆ ਹੈ। ਪੰਜਾਬੀਅਤ ਦੀ ਮੌਲਿਕ ਪਛਾਣ ਵਿਚੋਂ ਲਾਲਾ ਧਨੀਰਾਮ ਚਾਤ੍ਰਿਕ ਦੀ ਕਵਿਤਾ ਵਾਲੇ 'ਮੀਆਂ' ਜੀ ਨੂੰ ਖਾਰਜ ਕਰ ਦਿੱਤਾ ਗਿਆ ਹੈ।

ਅੱਜ ਜਦੋਂ ਅਸੀਂ ਪੰਜਾਬ ਦਾ ਸੰਗੀਤਕ ਬਾਂਝਪਨ ਦੇਖਦੇ ਹਾਂ ਤਾਂ ਦਿਲ ਵਿਚੋਂ ਉਦਾਸ ਹੂਕ ਉਠਦੀ ਹੈ ਕਿ ਪੰਜਾਬ ਦੇ ਇਕੋ ਇਕ ਸੰਗੀਤਕ ਘਰਾਣੇ ਸ਼ਾਮਚੁਰਾਸੀ ਦੇ ਸਿਰਜਕ ਅਤੇ ਝੰਡਾਬਰਦਾਰ ਸੰਨ ਸੰਤਾਲੀ ਦੇ ਰੌਲਿਆਂ/ਹੱਲਿਆਂ ਜਾਂ ਵੰਡ ਵੇਲੇ ਪਾਕਿਸਤਾਨ ਚਲੇ ਗਏ ਸਨ।

ਪਾਕਿਸਤਾਨ ਵਿਚ ਟੀਲ਼ ਵੀਲ਼ ਦਾ ਗਾਇਨ ਦੇ ਰੂਪ ਵਿਚ ਉਦਘਾਟਨ ਕਰਨ ਵਾਲਾ ਕਲਾਕਾਰ ਤੁਫੈਲ ਨਿਆਜ਼ੀ ਸਾਂਝੇ ਪੰਜਾਬ ਵਿਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹਜ਼ੂਰੀ ਰਾਗੀ ਸੀ, ਜਿਸ ਨੂੰ ਆਸਾ ਦੀ ਵਾਰ ਮਰਦੇ ਦਮ ਤੱਕ ਜ਼ੁਬਾਨੀ ਯਾਦ ਸੀ। ਉਸਤਾਦ ਅਮਾਨਤ ਅਲੀ ਤੇ ਸਲਾਮਤ ਅਲੀ ਹੋਰ ਅਜਿਹੇ ਨਾਂ ਹਨ, ਜਿਨ੍ਹਾਂ ਨੇ ਪੰਜਾਬ ਦੀਆਂ ਸੰਗੀਤਕ ਫਿਜ਼ਾਵਾਂ ਵਿਚ ਚਾਸ਼ਣੀ ਜਿਹੇ ਬੋਲ ਘੋਲਣੇ ਸਨ, ਜੇ ਸੰਤਾਲੀ ਦੀ ਵੰਡ ਨਾ ਹੋਈ ਹੁੰਦੀ।

ਇਸੇ ਤਰ੍ਹਾਂ ਜੇ 1966 ਦੀ ਪੁਨਰਵੰਡ ਨਾ ਹੋਈ ਹੁੰਦੀ ਤਾਂ ਹੌਲੀਵੁੱਡ 'ਚ ਅਦਾਕਾਰੀ ਦਾ ਤਹਿਲਕਾ ਮਚਾਉਣ ਵਾਲੀ ਅੰਬਾਲੇ ਦੀ ਪ੍ਰਿਅੰਕਾ ਚੋਪੜਾ 'ਤੇ ਅਸੀਂ ਮਾਣ ਕਰਨਾ ਸੀ। 'ਆਵਾਜ਼ ਪੰਜਾਬ ਦੀ' ਖਿਤਾਬ ਜਿੱਤਣ ਵਾਲੀ ਸਿਰਸੇ ਦੀ ਬੇਟੀ ਰੁਪਿੰਦਰ ਹਾਂਡਾ ਪੰਜਾਬ ਦੀ ਹੋਣੀ ਸੀ। ਹਿਸਾਰ ਦੀ ਜੰਮਪਲ ਬੈਡਮਿੰਟਨ ਦੀ ਖਿਡਾਰਨ ਸਾਇਨਾ ਨੇਹਵਾਲ ਦਾ ਨਾਂ ਲੈ ਲੈ ਅਸੀਂ ਫੁੱਲੇ ਨਾ ਸਮਾਉਂਦੇ। ਉਥੋਂ ਦੇ ਹੀ ਅਰਵਿੰਦ ਕੇਜਰੀਵਾਲ ਨੂੰ 'ਬਾਹਰਲਾ ਬੰਦਾ' ਕਹਿ ਕੇ ਅਸੀਂ ਭੰਡ ਨਾ ਸਕਦੇ। ਹੋਰ ਤਾਂ ਹੋਰ, ਮਹਿਮ ਵਿਚ ਕਰਿਆਨੇ ਦੀ ਨਿੱਕੀ ਜਿਹੀ ਦੁਕਾਨ ਕਰਦੇ ਵੱਡੇ, ਸੁਸ਼ੀਲ ਅਤੇ ਸੂਝਵਾਨ ਕਵੀ ਜਗਨ ਨਾਥ ਦਾ ਨਾਂ ਪੰਜਾਬੀ ਕਵੀਆਂ 'ਚ ਸ਼ੁਮਾਰ ਹੋਣਾ ਸੀ।

ਇਸ ਤਕਸੀਮ ਦਰ ਤਕਸੀਮ ਨੇ ਪੰਜਾਬ ਦਾ ਸਾਹ ਸਤ ਨਿੰਬੂ ਵਾਂਗ ਨਿਚੋੜ ਦਿੱਤਾ ਹੈ। ਕਲਾਤਮਕ ਤੌਰ 'ਤੇ ਪੰਜਾਬ ਦੀ ਹਾਲਤ ਹੁਣ ਕਿਸੇ ਜੂਸ ਦੀ ਰੇਹੜੀ ਕੋਲ ਪਏ ਮਸੰਮੀ ਦੇ ਮੁਸ਼ਕ ਮਾਰਦੇ ਫੋਕਟ ਦੇ ਢੇਰ ਜਿਹੀ ਹੋ ਗਈ ਹੈ। ਜਿਸ ਤਰ੍ਹਾਂ ਕਿਸੇ ਸਮੇਂ ਸਾਡੀ ਅੱਖ ਵਿਚ 'ਮੀਆਂ' ਰੜਕਦਾ ਸੀ, ਹੁਣ 'ਲਾਲਾ' ਰੜਕਦਾ ਹੈ:

ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਹੈ।
ਫਿਰ ਦਲਿਤ ਦੀ ਵਾਰੀ ਆਵੇਗੀ।

ਉਸ ਤੋਂ ਬਾਅਦ ਕਦੋਂ ਕਦੋਂ ਕਿਹਦੀ ਕਿਹਦੀ ਵਾਰੀ ਆਵੇਗੀ, ਕੁਝ ਕਿਹਾ ਨਹੀਂ ਜਾ ਸਕਦਾ। ਇਹ ਸੋਚ ਕੇ ਦਿਲ ਵਿਚੋਂ ਦਰਦ ਭਰੀ ਹੂਕ ਨਿਕਲਦੀ ਹੈ। ਨੇਂ ਜਾਣੀਏ, ਕਦ ਕੋਈ ਅਜਿਹਾ ਉਪੱਦਰੀ ਪੰਜਾਬ ਦੇ ਸਿਆਸੀ ਕਟਹਿਰੇ 'ਤੇ ਕਾਬਜ਼ ਹੋ ਜਾਵੇ ਤੇ ਸਾਡੀ 'ਵਾਰੀ' ਲਿਆ ਦੇਵੇ।

ਪੁਰਾਣੇ ਸਮੇਂ ਵਿਚ ਪੰਜਾਬ ਦੀਆਂ ਵੰਡੀਆਂ ਪਾਉਣ ਵਾਲਿਆਂ ਨੂੰ ਲੱਖ ਲੱਖ ਲਾਹਣਤਾਂ ਪਾਉਣੀਆਂ ਚਾਹੀਦੀਆਂ ਹਨ ਤੇ ਨਵੀਆਂ ਵੰਡੀਆਂ ਦੀਆਂ ਗੱਲਾਂ ਕਰਨ ਵਾਲਿਆਂ ਦੇ ਮਨਸੂਬਿਆਂ ਦੀ ਖਬਰ ਰੱਖਣੀ ਚਾਹੀਦੀ ਹੈ ਕਿ ਇਹ ਲੋਕ ਕੌਣ ਹਨ ਤੇ ਕਿਨ੍ਹਾਂ ਦੇ ਇਸ਼ਾਰਿਆਂ 'ਤੇ ਇਹ ਪੰਜਾਬ ਦੇ ਗਲ ਵਿਚ ਫਿਰ ਸੰਤਾਲੀ ਜਿਹਾ ਇਕ ਹੋਰ ਫਾਹਾ ਪਾਉਣ ਦੀਆਂ ਸਕੀਮਾਂ ਘੜ ਰਹੇ ਹਨ। ਪੰਜਾਬ ਦੀ ਸਭਿਆਚਾਰਕ ਸਾਂਝੀਵਾਲਤਾ ਨੂੰ ਫਿਰ ਵੱਡਾ ਖਤਰਾ ਦਰਪੇਸ਼ ਹੈ। ਜੇ ਇਸ ਨੂੰ ਨਾ ਟਾਲਿਆ ਗਿਆ ਤਾਂ ਪੰਜਾਬ ਦਾ ਸਭਿਆਚਾਰ ਧਰਤੀ ਤੋਂ ਮਿਟ ਵੀ ਸਕਦਾ ਹੈ।ਕਿਸੇ ਭਲੇ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਪੰਜਾਬ ਦੇ ਮਾਣਮੱਤੇ ਸਾਹਿਤਕਾਰ ਬਲਵੰਤ ਗਾਰਗੀ ਤੋਂ 'ਪੰਜਾਬ ਦੇ ਮਹਾਨ ਕਲਾਕਾਰ' ਪੁਸਤਕ ਲਿਖਵਾਈ ਸੀ, ਜੋ ਯੂਨੀਵਰਸਿਟੀ ਦੀ ਕਿਸੇ ਨਾ ਕਿਸੇ ਕਲਾਸ ਵਿਚ ਪੜ੍ਹਾਈ ਵੀ ਜਾਂਦੀ ਹੈ। ਪੰਜਾਬ ਦੀਆਂ ਸਭਿਆਚਾਰਕ ਕਲਾਵਾਂ ਦੀ ਹਾਲਤ ਅਤੇ ਸਿਹਤ ਦਾ ਅੰਦਾਜ਼ਾ ਗਾਰਗੀ ਦੀ ਇਸ ਪੁਸਤਕ ਦੀ ਪੁਨਰ ਛਪਾਈ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਤਨੀ ਘਟੀਆ ਫੋਟੋਸਟੈਟ ਦਾ ਜੇ ਕੰਪੀਟੀਸ਼ਨ ਕਰਵਾਇਆ ਜਾਵੇ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਗੋਲਡ ਮੈਡਲ ਜਿੱਤ ਸਕਦੀ ਹੈ।

ਪੰਜ ਪਾਣੀਆਂ ਦੇ ਦੇਸ ਪੰਜਾਬ ਦੀਆਂ ਨਦੀਆਂ ਅਤੇ ਨਹਿਰਾਂ ਦਾ ਪਾਣੀ ਕਾਰਖਾਨੇਦਾਰਾਂ ਨੇ ਪੀਣ ਜੋਗਾ ਨਹੀਂ ਛੱਡਿਆ। ਧਰਤੀ ਹੇਠਲਾ ਪਾਣੀ ਜਿਮੀਂਦਾਰਾਂ ਨੇ ਝੋਨੇ ਦੀ ਭੇਟ ਚਾੜ੍ਹ ਦਿੱਤਾ ਹੈ। ਫਲਸਰੂਪ, ਹੁਣ ਪਾਣੀਆਂ ਦੇ ਇਸ ਬਦਕਿਸਮਤ ਦੇਸ ਵਿਚ ਪੀਣ ਵਾਲੇ ਪਾਣੀ ਦੀ ਬੋਤਲ ਵੀਹ, ਤੀਹ, ਪੰਜਾਹ, ਸੱਠ ਰੁਪਏ ਤੋਂ ਲੈ ਕੇ ਸੌ ਰੁਪਏ ਤੱਕ ਮਿਲਦੀ ਹੈ। ਹੋ ਸਕਦਾ ਹੈ, ਆਉਣ ਵਾਲੇ ਸਮੇਂ ਅੰਦਰ ਪੰਜਾਬ ਵਿਚ ਸ਼ਰਾਬ ਦੀ ਥਾਂ ਸਿਰਫ 'ਆਬ' ਅਰਥਾਤ ਪਾਣੀ ਦੇ ਠੇਕੇ ਖੁੱਲ੍ਹ ਜਾਣ।ਠੰਢੇ ਮਿੱਠੇ ਜਲ ਦੀ 'ਟਕਸਾਲੀ' ਛਬੀਲ ਅਤੇ ਸਤਿਕਾਰ ਕਮੇਟੀਆਂ ਦੇ 'ਹਲੀਮੀ ਰਾਜ' ਨੇ ਖਾਲਸੇ ਦੇ ਅਕਸ ਨੂੰ ਅਜਿਹੀ ਪੁੱਠ ਚਾੜ੍ਹ ਦਿੱਤੀ ਹੈ, ਜਿਸ ਤੋਂ ਗੈਰ ਸਿੱਖ ਤਾਂ ਕਿਤੇ ਰਹੇ, ਸਾਧਾਰਨ ਸਿੱਖਾਂ ਦੇ ਮਨ ਵੀ ਖੌਫਜ਼ਦਾ ਹਨ। ਅਸੀਂ ਖਾਲਿਸਤਾਨ ਦੇ ਨਾਂ ਵਿਚੋਂ ਔਰੰਗਜ਼ੇਬ ਤੋਂ ਬਿਹਤਰ ਨਿਜ਼ਾਮ ਦੀ ਉਮੀਦ ਨਹੀਂ ਬੰਨ੍ਹਾ ਸਕੇ। ਪੰਜਾਬ ਵੰਨ-ਸੁਵੰਨਤਾ ਦੀ ਸਭਿਅਤਾ ਦਾ ਪੰਘੂੜਾ ਸੀ। ਸਿਆਸਤ ਨੇ ਉਸ ਸਭਿਅਤਾ ਨੂੰ ਦੇਸ਼ ਨਿਕਾਲਾ ਦੇ ਕੇ ਪੰਜਾਬ ਦੇ ਪੰਘੂੜੇ ਵਿਚ ਕੁਲੱਛਣੀ ਨਫਰਤ ਨੂੰ ਦੁਲਹਨ ਵਾਂਗ ਸਜਾ ਕੇ ਬਹਾਲ ਦਿੱਤਾ ਹੈ। ਹੁਣ ਗੁਰਾਂ ਦੇ ਨਾਂ 'ਤੇ ਵੱਸਦੇ ਪੰਜਾਬ ਵਿਚੋਂ ਭਾਈਚਾਰਕ ਸਾਂਝ ਗਾਇਬ ਹੋ ਰਹੀ ਹੈ ਤੇ ਭਾਈਚਾਰਕ ਦੁਫੇੜ ਦਾ ਬੋਲਬਾਲਾ ਹੋ ਰਿਹਾ ਹੈ। ਚੂੜਾਮਣੀ ਇਤਿਹਾਸਕਾਰ, ਕਵੀਰਾਜ ਭਾਈ ਸੰਤੋਖ ਸਿੰਘ ਨੇ ਕਿਸੇ ਵੀ ਧਾਰਮਿਕ ਏਕਾਕੇਂਦਰਤ ਸਮਾਜ ਦੀ ਬਣਤਰ ਜਾਂ ਰੂਪ-ਰੇਖਾ ਨੂੰ 'ਕੁਚੀਲਤਾ' ਦੀ ਸੰਗਿਆ ਦਿੱਤੀ ਹੈ ਕਿ ਜੇ ਗੁਰੂ ਸਾਹਿਬਾਨ ਹਿੰਦ ਦੀ ਧਰਤੀ 'ਤੇ ਆਪਣੀ ਰੱਤ ਨਾ ਡੋਲ੍ਹਦੇ ਤਾਂ ਇਥੇ ਏਕਤਾ ਛਾ ਜਾਣੀ ਸੀ ਤੇ ਅਨੇਕਤਾ ਦਾ ਨਾਮੋ-ਨਿਸ਼ਾਨ ਮਿਟ ਜਾਣਾ ਸੀ। ਉਸ ਦੇ ਸ਼ਬਦਾਂ ਵਿਚ:

ਦੇਵੀ ਦੇਵ ਦੇਵਲ ਸੰਤੋਖ ਸਿੰਘਾ ਦੂਰ ਹੋਤੇ ਫੈਲਤੀ ਕੁਚੀਲਤਾ ਕਤੇਬਨ ਕੁਰਾਨ ਕੀ।

ਇਸ ਪ੍ਰਸੰਗ ਵਿਚ ਸੋਚਣਾ ਬਣਦਾ ਹੈ ਕਿ ਇਹ ਰੌਲਾ ਪਾਉਣ ਵਾਲੇ ਲੋਕ ਅਸਲ ਵਿਚ ਸਿੱਖੀ ਦੀ ਸਹਿਜ ਅਤੇ ਸੁਹਜਮਈ ਸਾਂਝੀਵਾਲਤਾ ਨੂੰ ਆਪਣੀ ਜਾਤੀ 'ਕੁਚੀਲਤਾ' ਦੀ ਪੁੱਠ ਚਾੜ੍ਹ ਰਹੇ ਹਨ। ਇਕ ਹੋਰ ਨੁਕਤਾ ਵੀ ਗੌਰਤਲਬ ਹੈ, ਕਿਸੇ ਵੇਲੇ ਕਿਹਾ ਜਾ ਸਕਦਾ ਸੀ ਕਿ ਸਿੱਖ ਸਮਾਜ ਅੰਦਰ ਮੰਗਤੇ ਦੀ ਕੋਈ ਥਾਂ ਨਹੀਂ ਸੀ। ਸਿੱਖ ਦੀ ਪ੍ਰਕਿਰਤੀ ਅਤੇ ਪ੍ਰਵਿਰਤੀ ਦਾਨ ਦੇਣ ਦੀ ਸੀ, ਦਾਨ ਲੈਣ ਦੀ ਨਹੀਂ ਸੀ; ਦਾਨ ਮੰਗਣ ਦੀ ਬਿਲਕੁਲ ਵੀ ਨਹੀਂ ਸੀ ਪਰ ਅਜੋਕੇ ਦੌਰ ਵਿਚ ਸਿੱਖਾਂ ਨੂੰ ਵੀ ਮੰਗਦਿਆਂ ਦੇਖਿਆ ਜਾ ਸਕਦਾ ਹੈ। ਇਤਨਾ ਕੁ ਫਰਕ ਜ਼ਰੂਰ ਹੈ ਕਿ ਸਿੱਖ ਆਪਣੇ ਲਈ ਸਿੱਧਾ ਨਹੀਂ ਮੰਗਦੇ, ਬਲਕਿ ਕੋਈ ਨਾ ਕੋਈ ਬਹਾਨਾ ਬਣਾਉਂਦੇ ਹਨ। ਮੰਗਣ ਦਾ ਇਹ ਟੇਢਾ ਤਰੀਕਾ ਕਮੀਨਗੀ ਦਾ ਸਿਰਾ ਹੈ। ਹੁਣ ਸਿਆਸਤ ਦੇ ਨਾਂ 'ਤੇ ਵੀ ਮੰਗਣ ਦਾ ਰਿਵਾਜ ਪੈ ਗਿਆ ਹੈ। ਅੱਜ ਕੱਲ੍ਹ ਮੰਗਣ ਲਈ ਵੱਖਰੀ ਸਿੱਖ ਸਟੇਟ ਦਾ ਮੁੱਦਾ ਅਤੇ ਬਹਾਨਾ ਬਹੁਤ ਜ਼ਰਖੇਜ਼ ਹੈ। ਇਸ ਬਹਾਨੇ ਬਹੁਤ ਸਾਰਾ ਧਨ ਇਕੱਠਾ ਹੋਵੇਗਾ। ਕੁਝ ਵਿਸ਼ੇਸ਼ ਬੰਦਿਆਂ ਦੀਆਂ ਕਦੀ ਵੀ ਨਾ ਭਰਨ ਵਾਲੀਆਂ ਤਿਜੋਰੀਆਂ ਭਰਨਗੀਆਂ। ਸਿਆਸਤ ਦੀਆਂ ਮਜਬੂਰੀਆਂ ਜਾਂ ਅੜਾਂ ਥੁੜ੍ਹਾਂ ਹੋਣਗੀਆਂ, ਜਿਸ ਕਰਕੇ ਚੌਥੇ ਕੁ ਦਿਨ ਪੰਜਾਬ ਨੂੰ ਹੋਰ ਨਿੱਕਾ ਕਰਨ ਦੀ ਜ਼ਰੂਰਤ ਪੈਂਦੀ ਹੈ ਪਰ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੀ ਅਜਿਹੀ ਕੋਈ ਮਜਬੂਰੀ ਨਹੀਂ ਹੈ। ਆਓ, ਆਪਾਂ ਆਪਣੇ ਸਬੂਤੇ ਪੰਜਾਬ ਦੀ ਸੁੱਖ ਮੰਗੀਏ ਅਤੇ ਖੈਰ ਮਨਾਈਏ! ਸਾਡੇ ਸਬੂਤੇ ਪੰਜਾਬ ਦਾ ਕੋਈ ਐਮਲ਼ ਐਲ਼ ਏਲ਼ ਨਹੀਂ, ਕੋਈ ਮੰਤਰੀ ਸੰਤਰੀ ਨਹੀਂ, ਕੋਈ ਮੁੱਖ ਮੰਤਰੀ ਜਾਂ ਭੁੱਖ ਮੰਤਰੀ ਨਹੀਂ ਹੈ। ਦਰਅਸਲ ਸਾਡੇ ਸਬੂਤੇ ਪੰਜਾਬ ਨੂੰ ਚੋਣਾਂ ਦਾ ਚੰਦਰਾ ਗ੍ਰਹਿਣ ਲੱਗਾ ਹੀ ਨਹੀਂ। 'ਸਬੂਤਾ ਪੰਜਾਬ' ਭਗਤ ਰਵਿਦਾਸ ਜੀ ਦੇ ਬੇਗਮਪੁਰੇ ਦਾ ਪਰਿਆਇ ਹੈ। ਕਿਸੇ ਨਵੇਂ/ਸਾਂਝੇ ਸਿੰਬਲ ਦੀ ਤਲਾਸ਼ ਅਤੇ ਉਡੀਕ ਵਿਚ ਇਹੀ ਸਾਡਾ 'ਹੀਰਵੰਨਾ' ਪੰਜਾਬ ਹੈ; ਇਹੀ ਸਾਡਾ ਹੋਮਲੈਂਡ ਹੈ; ਇਹੀ ਸਾਡਾ ਖਾਲਿਸਤਾਨ ਹੈ। ਸ਼ਾਲਾ! ਜੁੱਗ ਜੁੱਗ ਜੀਵੇ ਸਾਬਤ ਸਬੂਤਾ ਇਹ ਮੇਰਾ/ਸਾਡਾ ਪੰਜਾਬ!

# ਲੋਕਤੰਤਰ ਦੇ ਬੌਸ

ਇਬਰਾਹਿਮ ਲਿੰਕਨ ਨੇ ਲੋਕਾਂ ਨੂੰ ਲੋਕਤੰਤਰ ਦਾ ਬੌਸ ਕਿਹਾ ਸੀ। ਉਹ ਪਿੱਛੇ ਰਹਿ ਗਿਆ। ਲੋਕਤੰਤਰ ਅੱਗੇ ਨਿਕਲ ਗਿਆ। ਇਸ ਦੇ ਕਈ ਨਵੇਂ ਬੌਸ ਉਗ ਪਏ। ਨਵੇਂ ਉਗੇ ਬੌਸ ਕੌਣ ਹਨ? ਲੋਕਤੰਤਰ ਵਿੱਚ ਤੁਹਾਨੂੰ ਸਵਾਲ ਪੁੱਛਣ ਦਾ ਪੂਰਾ ਅਧਿਕਾਰ ਹੈ। ਤਾਜ਼ਾ ਖਬਰਾਂ ਅਨੁਸਾਰ ਲੋਕਤੰਤਰ ਦਾ ਪਹਿਲਾ ਬੌਸ ਸਾਡਾ ਪਿਆਰਾ, ਰਾਜਦੁਲਾਰਾ, ਅੱਖਾਂ ਦਾ ਤਾਰਾ ਨੇਤਾ ਜੀ ਹੈ। ਸੰਵਿਧਾਨ ਅਨੁਸਾਰ ਲੋਕਤੰਤਰ ਦੀ ਬੌਸ ਜਨਤਾ ਹੀ ਹੈ, ਪਰ ਨਿਜ਼ਾਮ ਸੱਕੇ ਵਾਂਗ ਸਿਰਫ ਇੱਕ ਦਿਨ ਦੀ ਬੌਸ ਹੈ। ਉਸੇ ਦਿਨ ਉਸ ਦੀਆਂ ਚੰਮ ਦੀਆਂ ਚੱਲਦੀਆਂ ਹਨ। ਉਸ ਨੂੰ ਉਸੇ ਦਿਨ ਸੁਫਨੇ ਦਿਖਾਏ ਜਾਂਦੇ ਹਨ। ਸੁਫਨਿਆਂ ਵਿੱਚ ਤਾਰੇ ਹੁੰਦੇ ਹਨ, ਚੰਨ, ਸੂਰਜ ਹੁੰਦੇ ਹਨ। ਸਵਰਗੀ ਹੁਲਾਰੇ ਹੁੰਦੇ ਹਨ। ਕੇਵਲ ਇੱਕ ਦਿਨ ਜਨਤਾ ਵੋਟਰ ਬਣਦੀ ਹੈ। ਨੇਤਾ ਜੀ ਸੇਵਕ ਦਾ ਪਾਰਟ ਕਰਦੇ ਹਨ। ਉਸ ਦਿਨ ਰਾਸਲੀਲਾ ਵਿੱਚ ਨੇਤਾ ਜੀ ਚੌਕੀਦਾਰ ਦਾ ਪਾਰਟ ਕਰਨ ਨੂੰ ਵੀ ਤਿਆਰ ਹੁੰਦੇ ਨੇ। ਲੋਕ ਉਸ ਦਿਨ ਮੱਤ-ਪੇਟੀਆਂ ਦੇ ਦਰਸ਼ਨ ਕਰਦੇ ਹਨ। ਸੁਫਨਿਆਂ ਦੀ ਅਰਾਧਨਾ ਕਰਦੇ ਹਨ। ਉਹੀ ਸਮਾਂ ਹੁੰਦਾ ਹੈ, ਜੋ ਲੋਕਾਂ ਤੋਂ ਸੰਭਾਲੇ ਵੀ ਸੰਭਾਲਿਆ ਨਹੀਂ ਜਾਂਦਾ। 'ਅਬ ਪਛਤਾਏ ਕਿਆ ਹੋਤ, ਜਬ ਚਿੜੀਆ ਚੁਗ ਗਈ ਖੇਤ'। ਉਸ ਦਿਨ ਤੋਂ ਬਾਅਦ ਜਨਤਾ ਤਪਦੀ ਸੜਕ ਉਤੇ ਖਲੋਂਦੀ ਹੈ ਤੇ ਨੇਤਾ ਜੀ ਬੌਸ ਬਣ ਕੇ ਪਾਰਲੀਮੈਂਟ ਜਾ ਵੜਦੇ ਹਨ। ਜਨਤਾ ਧੁੱਪ, ਮੀਂਹ, ਝੱਖੜ ਝੱਲਦੀ ਹੋਈ ਆਪਣੇ ਸੁਫਨਿਆਂ ਨੂੰ ਫਲ ਲੱਗਣ ਦੀ ਉਡੀਕ ਕਰਦੀ ਹੈ ਤੇ ਨੇਤਾ ਜੀ ਪੂਰੇ ਪੰਜ ਵਰ੍ਹੇ ਏਅਰ ਕੰਡੀਸ਼ਨਡ ਪਾਰਲੀਮੈਂਟ ਵਿੱਚ ਬਹਿ ਕੇ ਆਪਣੀ ਤੇ ਆਪਣੇ ਟੱਬਰ ਦੀ ਚਿੰਤਾ ਕਰਦੇ ਹਨ। ਜਨਤਾ ਦੇ ਸੁਫਨੇ ਜ਼ਰੂਰ ਪੂਰੇ ਹੋਣ ਲੱਗਦੇ ਹਨ। ਇੱਕ ਵਾਰ ਰਾਜਧਾਨੀ ਵੜ ਕੇ ਮੁੜ ਪਿੰਡ ਕਸਬੇ ਵੱਲ ਦੇਖਣ ਦੀ ਵਿਹਲ ਨਹੀਂ ਮਿਲਦੀ। ਕਹਿੰਦੇ ਜ਼ਰੂਰ ਰਹਿੰਦੇ ਹਨ, ਜਨਤਾ ਲਈ ਵੀਹ-ਵੀਹ ਘੰਟੇ ਕੰਮ ਕਰਦੇ ਹਾਂ। 'ਸਭ ਦਾ ਸਾਥ, ਸਭ ਦਾ ਵਿਕਾਸ' ਕਰਦੇ ਹਾਂ। ਜਨਤਾ ਦੀਆਂ ਆਸਾਂ ?ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਦੇ ਹਾਂ। ਜਨਤਾ ਕੜਕਦੀ ਧੁੱਪ ਵਿੱਚ ਖਲੋਤੀ ਇੰਤਜ਼ਾਰ ਕਰਦੀ ਹੈ, ਪਰ ਲੋਕਤੰਤਰ ਦੇ ਬੌਸ ਨੂੰ ਨਾ ਸਮਾਂ ਮਿਲਣਾ ਸੀ ਤੇ ਨਾ ਸਮਾਂ ਮਿਲ ਸਕਿਆ। ਲੋਕਤੰਤਰ ਧੰਨ-ਧੰਨ ਹੋ ਗਿਆ, ਕਿਉਂਕਿ ਉਸ ਨੂੰ ਆਪਣਾ ਪਹਿਲਾ ਬੌਸ ਮਿਲ ਗਿਆ। ਜਨਤਾ ਤੇ ਦਿੱਲੀ ਦਾ ਫਾਸਲਾ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਸੁਫਨੇ ਹੱਥੋਂ ਛੁੱਟ ਰਹੇ ਹਨ। ਅੱਖਾਂ ਵਿੱਚ ਇੰਤਜ਼ਾਰ ਦੀ ਰੜਕ ਪੈ ਰਹੀ ਹੈ। ਲਿੰਕਨ ਨੇ ਲੋਕਾਂ ਨੂੰ ਲੋਕਤੰਤਰ ਦਾ ਬੌਸ ਦੱਸਿਆ ਸੀ, ਪਰ ਇਥੇ ਗੱਲਾਂ ਹੀ ਹੋਰ ਹੋਈਆਂ ਪਈਆਂ ਹਨ। ਜਨਤਾ ਬੌਸ ਸਮਝਦੀ ਰਹੀ ਤੇ ਨੇਤਾ ਜੀ ਬੌਸ ਹੋ ਗਏ। ਤੁਸੀਂ ਸਿਆਣੇ ਹੋ, ਬੌਸ ਸਮਝਣ ਤੇ ਹੋਣ ਵਿੱਚ ਓਨਾ ਹੀ ਫਰਕ ਹੈ, ਜਿੰਨਾ ਦਿੱਲੀ ਦੀ ਪਾਰਲੀਮੈਂਟ ਤੇ ਪਿੰਡ ਕਸਬੇ ਵਿਚਕਾਰ ਹੈ। ਜਨਤਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਕੇਵਲ ਮਾਤਰ ਇੱਕ ਵੋਟ ਹੈ, ਇਸ ਤੋਂ ਸਿਵਾਏ ਕੁਝ ਨਹੀਂ ਹੈ। ਨੇਤਾ ਜੀ ਲੋਕਤੰਤਰ ਦੇ ਬੌਸ ਹਨ ਤੇ ਬੱਸ ਬੌਸ ਹੀ ਹਨ। ਲੋਕਤੰਤਰ ਵਿੱਚ ਬੌਸ ਹੋਣਾ ਅਸਲ ਮੁੱਦਾ ਹੈ। ਬੌਸ ਤਪਦੀ ਸੜਕ ਉਤੇ ਨਹੀਂ ਖਲੋਂਦਾ, ਰਾਸ਼ਨ ਡੀਪੂ ਦੀ ਲਾਈਨ ਵਿੱਚ ਨਹੀਂ ਲੱਗਦਾ, ਮਹਿੰਗਾਈ ਦੀ ਮਾਰ ਨਹੀਂ ਝੱਲਦਾ, ਮੱਤ-ਪੇਟੀ ਕੋਲ ਨਹੀਂ ਜਾਂਦਾ, ਬੱਸ ਚਮਤਕਾਰ ਹੀ ਕਰਦਾ ਹੈ ਤੇ ਲੋਕਤੰਤਰ ਦਾ ਬੌਸ ਬਣ ਜਾਂਦਾ ਹੈ। ਲੋਕਤੰਤਰ ਦਾ ਦੂਸਰਾ ਬੌਸ ਈ ਵੀ ਐੱਮ ਮਸ਼ੀਨ ਹੈ। ਲੋਕਤੰਤਰੀ ਤਮਾਸ਼ੇ ਵਿੱਚ ਇਹ ਯੰਤਰ ਨੇਤਾ ਨੂੰ ਬੌਸ ਬਣਨ ਦਾ ਰਾਹ ਖੋਲ੍ਹਦਾ ਹੈ। ਵਿਰੋਧੀ ਧਿਰ ਰੋ-ਰੋ, ਚੀਕ-ਚੀਕ ਆਖਦੀ ਹੈ ਕਿ ਇਸ ਯੰਤਰ ਵਿੱਚ ਵੋਟਰ ਪਾਉਂਦਾ ਕੁਛ ਹੈ ਤੇ ਨਿਕਲਦਾ ਕੁਛ ਹੈ। ਇਸ ਵਿੱਚ ਪੈਂਦਿਆਂ ਹੀ ਵੋਟ ਦੀ ਕਾਇਆ ਪਲਟ ਜਾਂਦੀ ਹੈ। ਤੁਸੀਂ ਵੋਟ ਰੱਖਾ ਰਾਮ ਨੂੰ ਪਾਓ, ਪਰ ਵੋਟ ਰੱਬ ਰਾਖਾ ਦੀ ਨਿਕਲ ਆਉਂਦੀ ਹੈ। ਲੋਕਤੰਤਰ ਰੱਬ ਭਰੋਸੇ ਚੱਲਣ ਲੱਗਦਾ ਹੈ। ਰੱਬ ਭਰੋਸੇ ਚੱਲਦਾ ਲੋਕਤੰਤਰ ਹੀ ਅਸਲੀ ਲੋਕਤੰਤਰ ਲੱਗਣ ਲੱਗਦਾ ਹੈ। ਇਸ ਯੰਤਰ ਦੀ ਮਦਦ ਕਾਰਨ ਲੋਕਤੰਤਰ ਦੀ ਮੰਜ਼ਿਲ ਦੂਰ ਨਹੀਂ ਜਾਪਦੀ। ਵਿਰੋਧੀ ਧਿਰ ਮੁਤਾਬਕ ਇਹ ਯੰਤਰ ਨੇਤਾ ਜੀ ਦੀ ਡੁੱਬਦੀ ਬੇੜੀ ਤਾਰਦਾ ਹੈ ਤੇ ਤੀਰ ਨਿਸ਼ਾਨੇ ?ਤੇ ਮਾਰਦਾ ਹੈ। ਜਿਸ ਪਰ ਇਸ ਕੀ ਕ੍ਰਿਪਾ ਹੋ ਜਾਏ, ਉਹ ਜਿੱਤਦਾ ਹੈ ਤੇ ਜਿਸ ਪਰ ਨਜ਼ਰ ਟੇਢੀ ਹੋ, ਵੋ ਹਾਰਤਾ ਹੈ ਹਾਰਤਾ ਹੈ। ਗੱਜਕੇ ਬੋਲੋ, ਲੋਕਤੰਤਰ ਦੇ ਬੌਸ ਦੀ ਈ ਵੀ ਐਮ ਯੰਤਰ ਦੀ ਜੈ-ਜੈ-ਜੈ।ਲੋਕਤੰਤਰ ਦੀ ਅਗਲੀ ਬੌਸ ਮਾਇਆ ਹੈ। ਮਾਇਆ ਬਗੈਰ ਨੇਤਾ ਜੀ ਦੀ ਬੌਸੀ ਵੀ ਅਧੂਰੀ ਹੈ। ਕਬੀਰ ਜਿਹੇ ਸੰਤ ਇਸ ਨੂੰ 'ਮਾਇਆ ਮਹਾ ਠਗਿਨੀ ਹਮ ਜਾਣੀ, ਸਮਝ ਲੇਹੁ ਤੁਮ ਪੁਰਸ਼ ਗਿਆਨੀ।' ਲੋਕਤੰਤਰ ਦੀ ਤੋਰ ਇਸੇ ਦੇ ਹੱਥ ਹੈ, ਜਿਵੇਂ ਚਾਹੇ ਨਾਚ ਨਚਾਵੇ। ਲੋਕਤੰਤਰ ਮਾਇਆ ਹੱਥ ਕੁਠਪਤਲੀ। ਮਾਇਆ ਦੇ ਘੁੰਗਰੂ ਛਣਕਣ ਲੱਗਦੇ ਹਨ ਤਾਂ ਲੋਕਤੰਤਰ ਬੇਸੁਧ ਹੋ ਕੇ ਨੱਚਣ ਲੱਗਦਾ ਹੈ। ਇਸ ਦੇ ਸੰਗੀਤ ਦੀ ਧੁਨ ਪਾਰਲੀਮੈਂਟ ਅਤੇ ਵਿਧਾਨ ਸਭਾ ਤੱਕ ਸੁਣੀ ਜਾ ਸਕਦੀ ਹੈ। ਇਸ ਦੇ ਅਸ਼ੀਰਵਾਦ ਨਾਲ ਜੇਲ੍ਹ ਵਿੱਚ ਬੈਠਾ ਨੇਤਾ ਪਾਰਲੀਮੈਂਟ ਜਾਂ ਵਿਧਾਨ ਸਭਾ ਵਿੱਚ ਜਾ ਪੈਰ ਟਿਕਾਉਂਦਾ ਹੈ। ਮਾਇਆ ਅਜਿਹਾ ਚੱਕਰਚੂੰਡਾ ਹੈ, ਜਿਸ ਵਿੱਚ ਬਹਿ ਕੇ ਨੇਤਾ ਮੰਤਰੀ ਪਦ ਪਾ ਜਾਂਦਾ ਹੈ। ਮਾਇਆ ਦਾ ਜਲੌਅ, ਲੋਕਤੰਤਰ ਦਾ ਚਾਉ। ਮਦਾਰੀ ਡੌਰੂ ਵਜਾ ਵਜਾ ਆਖਦਾ ਹੈ, 'ਪੈਸਾ ਸੁੱਟ, ਤਮਾਸ਼ਾ ਦੇਖ। ? ਪੈਸੇ ਦੀ ਤਾਕਤ ਨਾਲ ਨੇਤਾ ਜੀ ਲੋਕਤੰਤਰ ਦਾ ਤਮਾਸ਼ਾ ਦੇਖਦੇ ਹਨ। ਇਹ ਅਜਿਹੀ ਸ਼ਕਤੀ ਹੈ, ਜਿਸ ਨਾਲ ਲੋਕਤੰਤਰ ਦਾ ਮੁਜਰਾ ਵੀ ਦੇਖਿਆ ਜਾ ਸਕਦਾ ਹੈ। ਨੇਤਾ ਜੀ ਹਰਦਮ ਇਸ ਨੂੰ ਧਿਆਉਂਦੇ ਹਨ ਤੇ ਨੇਤਾ ਪਦ ਪਾਉਂਦੇ ਹਨ। ਲੋਕਤੰਤਰ ਦੀ ਜਾਨ ਮਾਇਆ ਰੂਪੀ ਤੋਤੇ ਵਿੱਚ ਹੈ। ਲੋਕਤੰਤਰ ਦਾ ਇੱਕ ਹੋਰ ਬੌਸ 'ਗਿਣਤੀ ? ਹੈ। ਅੰਕੜਿਆਂ ਦੀ ਖੇਡ ਲੋਕਤੰਤਰ ਦੀ ਜਾਨ ਹੈ। ਦਸ ਖੋਤੇ ਨੌਂ ਘੋੜਿਆਂ ?ਤੇ ਮੀਰੀ ਗਿਣੇ ਜਾਂਦੇ ਹਨ। ਖੋਤੇ ਭਾਵੇਂ ਖੱਚਰ ਹੋਣ ਤੇ ਘੋੜੇ ਭਾਵੇਂ ਦਰਿਆਈ ਘੋੜੇ ਕਿਉਂ ਨਾ ਹੋਣ। ਦਸ ਭੇਡਾਂ ਵਾਲਾ ਨੇਤਾ ਨੌਂ ਸ਼ੇਰਾਂ ਵਾਲਿਆਂ ਤੋਂ ਬਾਜ਼ੀ ਜਿੱਤ ਜਾਂਦਾ ਹੈ। ਮੱਤ-ਪੇਟੀ ਵਿੱਚ ਮੰਨ ਲਓ ਕਿ ਤਿੰਨ ਵੋਟਾਂ ਪਈਆਂ ਹੋਣ। ਦੋ ਵੋਟਾਂ ਲੈ ਲੈਣ ਵਾਲਾ ਨੇਤਾ ਚੁਣਿਆ ਜਾਊ ਤੇ ਇੱਕ ਲੈਣ ਵਾਲਾ ਵਿਰੋਧੀ ਧਿਰ ਬਣ ਜਾਊ। ਬਾਕੀ ਵੋਟਰ ਭਾਵੇਂ ਘਰ ਹੀ ਬੈਠੇ ਰਹਿਣ, ਵੋਟ ਪਾਉਣ ਆਉਣ ਹੀ ਨਾ, ਤਿੰਨ ਵਿੱਚੋਂ ਦੋ ਵੋਟਾਂ ਲੈਣ ਵਾਲਾ ਪਾਰਲੀਮੈਂਟ ਚਲਾ ਜਾਊ ਤੇ ਹੋ ਸਕਿਆ ਤਾਂ ਸਰਕਾਰ ਬਣਾ ਲਊ। ਇਸੇ ਨੂੰ ਅੰਕੜਿਆਂ ਦੀ ਖੇਡ ਜਾਂ ਲੋਕਤੰਤਰ ਦਾ ਜਾਦੂ ਕਿਹਾ ਜਾਂਦਾ ਹੈ। ਲੋਕਤੰਤਰ ਉਹ ਖੇਡ ਹੈ, ਜਿਸ ਵਿੱਚ ਵੱਧ ਗਿਣਤੀ ਵਾਲੇ ਦੀ ਜਿੱਤ ਹੁੰਦੀ ਹੈ। ਇਹ ਵੱਖਰੀ ਕਹਾਣੀ ਹੈ ਕਿ ਵੱਧ ਗਿਣਤੀ ਪ੍ਰਾਪਤ ਕਰਨ ਲਈ ਨੇਤਾ ਜੀ ਡਾਂਗ ਸੋਟੀ, ਮਾਇਆ ਜਾਂ ਤਾਕਤ ਦੀ ਵਰਤੋਂ ਕਰ ਲੈਣ। ਲੋਕਤੰਤਰ ਵਿੱਚ ਸਭ ਕੁਝ ਜਾਇਜ਼ ਹੈ। ਹਰ ਨੇਤਾ ਨੂੰ ਜਿੱਤ ਪ੍ਰਾਪਤ ਕਰਨ ਦਾ ਨੈਤਿਕ ਜਾਂ ਸੰਵਿਧਾਨਕ ਹੱਕ ਹੈ। ਲੋਕਤੰਤਰ ਦਾ ਤਮਾਸ਼ਾ ਹੈ, ਜ਼ਰਾ ਧੂਮ ਸੇ ਨਿਕਲੇ। ਨਿਕਲੇ ਹੀ ਨਿਕਲੇ, ਚਾਹੇ ਘੂਮ ਕੇ ਨਿਕਲੇ। ਪ੍ਰਭੂ ਲਿੰਕਨ ਦੀ ਰੂਹ ਨੂੰ ਸ਼ਾਂਤੀ ਬਖਸ਼ੇ, ਜਿਸ ਨੇ ਆਖਿਆ ਸੀ ਕਿ ਲੋਕ ਲੋਕਤੰਤਰ ਦੇ ਬੌਸ ਹਨ। ਲੋਕ ਪਿੱਛੇ ਰਹਿ ਗਏ ਤੇ ਨੇਤਾ, ਮਾਇਆ ਅਗਾਂਹ ਨਿਕਲ ਗਈ। ਅਗਲਾ ਰਸਤਾ ਪਾਰਲੀਮੈਂਟ ਵੱਲ ਜਾਂਦਾ ਹੈ, ਜੋ ਲੋਕਾਂ ਤੋਂ ਬਹੁਤ ਦੂਰ ਹੈ। 'ਦਿੱਲੀ ਦੂਰ ਅਸਤ ?। ਲੋਕ ਲੋਕਤੰਤਰ ਵਿੱਚ ਤਪਦੀ ਸੜਕ ?ਤੇ ਖਲ੍ਹੋ ਕੇ ਆਸ ਭਰੀਆਂ ਨਜ਼ਰਾਂ ਨਾਲ ਪਾਰਲੀਮੈਂਟ ਵੱਲ ਦੇਖ ਰਹੇ ਹਨ। ਲੋਕਤੰਤਰ ਦੇ ਬੌਸ ਉਨ੍ਹਾਂ ਨੂੰ 'ਬਾਏ-ਬਾਏ' ਵੀ ਨਹੀਂ ਆਖਦੇ।




ਬਹੁਤ ਪਹਿਲਾਂ ਦੀ ਗੱਲ ਹੈ। ਤਵਰੀਜ ਸ਼ਹਿਰ ਵਿਚ ਕਾਮਰਾਨ ਨਾਂ ਦਾ ਇਕ ਆਦਮੀ ਰਹਿੰਦਾ ਸੀ। ਉਹ ਬੜਾ ਗਰੀਬ ਸੀ ਪਰ ਉਹ ਇਮਾਨਦਾਰ ਅਤੇ ਮਿਹਨਤੀ ਸੀ। ਸਾਰਾ ਦਿਨ ਕੀਤੀ ਮਿਹਨਤ ਦੇ ਬਦਲੇ ਉਸ ਨੂੰ ਜਿਹੜੇ ਪੈਸੇ ਮਿਲਦੇ, ਉਨ੍ਹਾਂ ਨਾਲ ਉਸ ਦੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ ਪਰ ਕਾਮਰਾਨ ਮਿਹਨਤ ਨਾਲ ਆਪਣੇ ਕੰਮ ਵਿਚ ਰੁਝਿਆ ਰਿਹਾ। ਹੌਲੀ ਹੌਲੀ ਉਸ ਦੀ ਸਖਤ ਮਿਹਨਤ ਰੰਗ ਲਿਆਉਣ ਲੱਗੀ। ਹੁਣ ਉਸ ਨੂੰ ਐਨੀ ਕਮਾਈ ਹੋਣ ਲੱਗੀ ਕਿ ਉਹ ਕੁਝ ਚੰਗਾ ਖਾ ਸਕੇ ਅਤੇ ਬੱਚਤ ਵੀ ਕਰ ਸਕੇ। ਕਮਾਈ ਵਧਣ ਦੇ ਬਾਅਦ ਵੀ ਕਾਮਰਾਨ ਦੀ ਕਰੜੀ ਮਿਹਨਤ ਦੀ ਆਦਤ ਵਿਚ ਕਈ ਫਰਕ ਨਹੀਂ ਆਇਆ। ਉਹ ਹੁਣ ਵੀ ਸਾਰਾ ਦਿਨ ਕਰੜੀ ਮਿਹਨਤ ਕਰਦਾ। ਇਸ ਤਰ੍ਹਾਂ ਉਸ ਦੇ ਕੋਲ ਬਹੁਤ ਸਾਰਾ ਧਨ ਜਮ੍ਹਾਂ ਹੋ ਗਿਆ। ਹੁਣ ਉਸ ਨੂੰ ਇਸ ਗੱਲ ਦੀ ਚਿੰਤਾ ਸਤਾਉਣ ਲੱਗੀ ਕਿ ਐਨੇ ਧਨ ਦੀ ਰੱਖਿਆ ਕਿਵੇਂ ਕੀਤੀ ਜਾਵੇ? ਕਿਤੇ ਉਸ ਦੀ ਮਿਹਨਤ ਦੀ ਕਮਾਈ ਨੂੰ ਕੋਈ ਚੋਰੀ ਕਰਕੇ ਨਾ ਲੈ ਜਾਵੇ। ਫਿਰ ਇਕ ਦਿਨ ਉਸ ਦੇ ਮਨ ਵਿਚ ਇਕ ਯੋਜਨਾ ਆਈ। ਉਸ ਨੇ ਸੋਚਿਆ ਕਿ ਸਾਰਾ ਧਨ ਕਿਸੇ ਇਹੋ ਜਿਹੀ ਥਾਂ ਦਬਾ ਦੇਣਾ ਚਾਹੀਦਾ, ਜਿੱਥੇ ਕੋਈ ਚੋਰੀ ਨਾ ਕਰ ਸਕੇ। ਇਕ ਰਾਤ ਜਦ ਤਵਰੀਜ ਸ਼ਹਿਰ ਡੂੰਘੀ ਨੀਂਦ ਸੁੱਤਾ ਪਿਆ ਸੀ, ਤਦ ਕਾਮਰਾਨ ਆਪਣੀਆਂ ਸੋਨੇ ਦੀਆਂ ਅਸ਼ਰਫੀਆਂ ਨੂੰ ਇਕ ਥੈਲੀ ਵਿਚ ਪਾ ਕੇ ਚੁੱਪ-ਚਾਪ ਘਰੋਂ ਬਾਹਰ ਚਲਿਆ ਗਿਆ। ਕਾਫੀ ਦੂਰ ਜਾ ਕੇ ਉਹ ਇਕ ਦਰਖਤ ਦੇ ਕੋਲ ਜਾ ਕੇ ਖਲ੍ਹੋ ਗਿਆ। ਉਸ ਨੇ ਆਲੇ-ਦੁਆਲੇ ਦੇਖਿਆ ਕਿ ਉਥੇ ਕੋਈ ਹੈ ਜਾਂ ਨਹੀਂ। ਫਿਰ ਉਸ ਨੇ ਉਸ ਦਰਖਤ ਦੀਆਂ ਜੜ੍ਹਾਂ ਦੇ ਕੋਲ ਟੋਇਆ ਪੁੱਟ ਕੇ ਥੈਲੀ ਨੂੰ ਉਸ ਵਿਚ ਦੱਬ ਦਿੱਤਾ। ਪਛਾਣ ਵਜੋਂ ਉਸ ਦਰਖਤ 'ਤੇ ਨਿਸ਼ਾਨ ਲਗਾ ਦਿੱਤਾ। ਉਹ ਘਰ ਆ ਕੇ ਸ਼ਾਂਤੀ ਨਾਲ ਸੌਂ ਗਿਆ। ਹੁਣ ਉਹ ਬੇਫਿਕਰ ਸੀ ਕਿ ਉਸ ਦਾ ਧਨ ਸੁਰੱਖਿਅਤ ਹੈ। ਕੁਝ ਦਿਨਾਂ ਤੱਕ ਉਹ ਆਰਾਮ ਨਾਲ ਆਪਣੇ ਕੰਮ ਵਿਚ ਲੱਗਿਆ ਰਿਹਾ ਪਰ ਇਕ ਦਿਨ ਉਸ ਨੂੰ ਫਿਰ ਚਿੰਤਾ ਹੋਈ ਕਿ ਇਕ ਵਾਰ ਆਪਣੀਆਂ ਅਸ਼ਰਫੀਆਂ ਨੂੰ ਗਿਣ ਲੈਣਾ ਚਾਹੀਦਾ ਹੈ। ਇਹ ਸੋਚ ਕੇ ਉਹ ਰਾਤ ਵੇਲੇ ਉੱਥੇ ਗਿਆ, ਜਿੱਥੇ ਉਸ ਨੇ ਅਸ਼ਰਫੀਆਂ ਦੱਬੀਆਂ ਹੋਈਆਂ ਸਨ। ਦਰਖਤ ਨੂੰ ਪਛਾਣ ਕੇ ਉਸ ਨੇ ਜੜ੍ਹ ਕੋਲੋਂ ਮਿੱਟੀ ਪੁੱਟੀ ਪਰ ਸਾਰੀ ਮਿੱਟੀ ਪਰਾਂ ਕਰਨ ਦੇ ਬਾਅਦ ਵੀ ਉਸ ਦਾ ਧਨ ਨਹੀਂ ਮਿਲਿਆ। ਉਸ ਦਾ ਖਜ਼ਾਨਾ ਗਾਇਬ ਸੀ। ਉਸ ਨੇ ਦਰਖਤ 'ਤੇ ਲਗਾਏ ਹੋਏ ਨਿਸ਼ਾਨ ਨੂੰ ਵੀ ਦੇਖਿਆ, ਉਹ ਨਿਸ਼ਾਨ ਸਾਫ ਦਿੱਸ ਰਿਹਾ ਸੀ। ਹੁਣ ਤਾਂ ਕਾਮਰਾਨ ਦਾ ਬੁਰਾ ਹਾਲ ਸੀ। ਉਸ ਦੀ ਮਿਹਨਤ ਨਾਲ ਕਮਾਈ ਹੋਈ ਸਾਰੀ ਦੌਲਤ ਚੋਰੀ ਹੋ ਗਈ ਸੀ। ਉਹ ਬੜਾ ਦੁਖੀ ਰਹਿਣ ਲੱਗਾ। ਇਕ ਦਿਨ ਉਹ ਆਪਣੇ ਗਿਆਨੀ ਮਿੱਤਰ ਸ਼ੇਖ ਯਾਜਰੇ ਨੂੰ ਮਿਲਿਆ। ਗੱਲਾਂ-ਗੱਲਾਂ ਵਿਚ ਉਸ ਦੇ ਮਿੱਤਰ ਨੇ ਉਸ ਦੀ ਉਦਾਸੀ ਦਾ ਕਾਰਨ ਪੁੱਛਿਆ। ਕਾਮਰਾਨ ਨੇ ਆਪਣੀ ਸਾਰੀ ਕਹਾਣੀ ਦੱਸੀ ਅਤੇ ਕਿਹਾ, "ਮਿੱਤਰ, ਤੂੰ ਤਾਂ ਜਾਣੀ ਜਾਣ ਹੈਂ, ਮੇਰੀ ਮਿਹਨਤ ਦੀ ਕਮਾਈ ਕੋਈ ਚੋਰੀ ਕਰਕੇ ਲੈ ਗਿਆ ਹੈ। ਇਹ ਦੱਸ ਕਿ ਮੈਂ ਆਪਣਾ ਧਨ ਵਾਪਸ ਕਿਵੇਂ ਹਾਸਲ ਕਰ ਸਕਦਾ ਹਾਂ?" "ਸ਼ੇਖ ਦਸ ਦਿਨਾਂ ਤੱਕ ਕਾਮਰਾਨ ਦੀ ਸਮੱਸਿਆ 'ਤੇ ਵਿਚਾਰ ਕਰਦਾ ਰਿਹਾ ਪਰ ਉਸ ਦੀ ਅਕਲ ਵਿਚ ਕੋਈ ਹੱਲ ਨਹੀਂ ਆਇਆ। ਇਕ ਦਿਨ ਬਾਜ਼ਾਰ ਵਿਚ ਦੋਹਾਂ ਮਿੱਤਰਾਂ ਦੀ ਭੇਟ ਹੋਈ। ਸ਼ੇਖ ਕਹਿਣ ਲੱਗਾ, "ਮਿੱਤਰ, ਤੇਰੀ ਚੋਰੀ ਦਾ ਰਾਹ ਦਿਸ ਨਹੀਂ ਰਿਹਾਸ਼ ਖੈਰ, ਤੂੰ ਹੌਸਲਾ ਰੱਖ।" ਤਦੇ ਉੱਥੇ ਇਕ ਪਾਗਲ ਆਦਮੀ ਆਇਆ ਅਤੇ ਬੋਲਿਆ, "ਤੁਸੀਂ ਕਿਹੜੀਆਂ ਗੱਲਾਂ ਕਰ ਰਹੇ ਹੋ? ਮੈਨੂੰ ਆਪਣੀ ਸਮੱਸਿਆ ਦੱਸੋ?" ਕਾਮਰਾਨ ਨੇ ਪਾਗਲ ਵੱਲ ਨਾਲ ਦੇਖਿਆ, "ਫਿਰ ਸ਼ੇਖ ਵੱਲ ਦੇਖਦੇ ਹੋਏ ਬੋਲਿਆ, "ਜਦ ਤੇਰੇ ਜਿਹਾ ਆਦਮੀ ਚੋਰੀ ਦਾ ਪਤਾ ਨਹੀਂ ਲਗਾ ਸਕਿਆ ਤਾਂ ਇਹ ਪਾਗਲ ਕੀ ਲਗਾਏਗਾ?" ਸ਼ੇਖ ਨੇ ਉਸ ਨੂੰ ਸਮਝਾਇਆ, "ਕਈ ਵਾਰ ਪਾਗਲ ਵੀ ਪਤੇ ਦੀ ਗੱਲ ਦੱਸ ਦਿੰਦੇ ਹਨਸ਼ਇਸ ਨੂੰ ਸਮੱਸਿਆ ਦੱਸਣ ਵਿਚ ਕੀ ਹਰਜ਼ ਹੈ।" ਤਦ ਕਾਮਰਾਨ ਨੇ ਉਸ ਪਾਗਲ ਨੂੰ ਸਾਰੀ ਗੱਲ ਦੱਸ ਦਿੱਤੀ। ਪਾਗਲ ਕਹਿਣ ਲੱਗਾ, "ਜੋ ਦਰੱਖਤ ਦੀ ਜੜ੍ਹ ਲੈ ਗਿਆ ਹੈ, ਉਹੀ ਖਜ਼ਾਨਾ ਵੀ ਲੈ ਗਿਆ ਹੈ। ਇਹ ਕਹਿ ਕੇ ਉਹ ਭੱਜ ਗਿਆ।" ਦੋਵੇਂ ਮਿੱਤਰ ਪਾਗਲ ਦਾ ਮਤਲਬ ਨਹੀਂ ਸਮਝ ਸਕੇ। ਕੋਲ ਹੀ ਖੜ੍ਹਾ ਇਕ ਲੜਕਾ ਵੀ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਹ ਬੋਲਿਆ, "ਪਾਗਲ ਦੇ ਕਹਿਣ ਦਾ ਮਤਲਬ ਹੈ ਕਿ ਉਹ ਕਿਹੜਾ ਦਰੱਖਤ ਸੀ ਜਿਸ ਦੀ ਜੜ੍ਹ ਵਿਚ ਖਜ਼ਾਨਾ ਦੱਬਿਆ ਸੀਸ਼ਜੋ ਆਦਮੀ ਉਸ ਦਰਖਤ ਦੀਆਂ ਜੜ੍ਹਾਂ ਨੂੰ ਲੈ ਗਿਆ ਹੈ, ਉਹੀ ਤੁਹਾਡਾ ਧਨ ਵੀ ਲੈ ਗਿਆ ਹੈ।" ਕਾਮਰਾਨ ਨੇ ਦੱਸਿਆ, "ਉਹ ਬੇਰ ਦਾ ਦਰਖਤ ਸੀ।" ਉਹ ਲੜਕਾ ਬੋਲਿਆ, "ਗੱਲ ਪੱਧਰੀ ਹੈ। ਸ਼ਹਿਰ ਦੇ ਸਾਰੇ ਹਕੀਮਾਂ ਤੋਂ ਪਤਾ ਕਰੋ ਕਿ ਉਨ੍ਹਾਂ ਦੇ ਕੋਲ ਕੋਈ ਇਹੋ ਜਿਹਾ ਰੋਗੀ ਆਇਆ ਸੀ, ਜਿਸ ਦੇ ਇਲਾਜ ਲਈ ਉਨ੍ਹਾਂ ਨੇ ਬੇਰ ਦੀ ਜੜ੍ਹ ਦੀ ਦਵਾ ਖਾਣ ਨੂੰ ਕਿਹਾ ਸੀ।" ਲੜਕੇ ਦੀ ਬੁੱਧੀਮਾਨੀ ਦੇਖ ਕੇ ਦੋਵੇਂ ਦੋਸਤ ਹੱਕੇ-ਬੱਕੇ ਹੋ ਗਏ ਜਦ ਉਨ੍ਹਾਂ ਨੇ ਸਾਰੇ ਹਕੀਮਾਂ ਤੋਂ ਪੁੱਛ-ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਘਾਲੇਵੇਦੀ ਨਾਂ ਦਾ ਵਪਾਰੀ ਵੀਹ ਦਿਨ ਪਹਿਲਾਂ ਹਕੀਮ ਸ਼ੀਰਾਜ਼ੀ ਦੇ ਕੋਲ ਇਲਾਜ ਦੇ ਲਈ ਆਇਆ ਸੀ ਅਤੇ ਉਨ੍ਹਾਂ ਨੇ ਉਸ ਨੂੰ ਬੇਰ ਦੀ ਜੜ੍ਹ ਦੀ ਦਵਾ ਖਾਣ ਨੂੰ ਕਿਹਾ ਸੀ। ਅਗਲੇ ਦਿਨ ਸ਼ੇਖ, ਘਾਲੇਵੇਦੀ ਦੇ ਘਰ ਗਿਆ ਅਤੇ ਕਹਿਣ ਲੱਗਾ, "ਮਿੱਤਰ, ਤੁਸੀਂ ਇਹ ਤਾਂ ਮੰਨਦੇ ਹੋਵੋਗੇ ਕਿ ਸੰਸਾਰ ਵਿਚ ਚੰਗੀ ਸਿਹਤ ਨਾਲੋਂ ਵਧ ਕੇ ਕੁਝ ਨਹੀਂ ਹੈਸ਼ ਹੁਣ ਤੁਸੀਂ ਠੀਕ ਹੋ ਗਏ ਹੋਸ਼ਕੀ ਤੁਹਾਡਾ ਇਹ ਫਰਜ਼ ਨਹੀਂ ਬਣਦਾ ਕਿ ਜਿਸ ਦਰਖਤ ਦੀ ਜੜ੍ਹ ਨਾਲ ਤੁਸੀਂ ਠੀਕ ਹੋਏ ਹੋ, ਉਸ ਦੇ ਥੱਲੇ ਦੱਬੇ ਖਜ਼ਾਨੇ ਨੂੰ ਸਹੀ ਆਦਮੀ ਦੇ ਕੋਲ ਪਹੁੰਚਦਾ ਕਰ ਦਿੱਤਾ ਜਾਏਸ਼। ਉਸ ਖਜ਼ਾਨੇ ਦਾ ਮਾਲਕ ਬੜਾ ਮਿਹਨਤੀ ਅਤੇ ਇਮਾਨਦਾਰ ਆਦਮੀ ਹੈ। ਤੁਹਾਨੂੰ ਉਸ ਦਾ ਧਨ ਵਾਪਸ ਮੋੜ ਦੇਣਾ ਚਾਹੀਦਾ ਹੈ।" ਵਪਾਰੀ ਇਮਾਨਦਾਰ ਸੀ। ਉਸ ਨੇ ਕਾਮਰਾਨ ਤੋਂ ਪੁੱਛਿਆ ਕਿ ਉਸ ਥੈਲੇ ਵਿਚ ਕਿੰਨੀਆਂ ਅਸ਼ਰਫੀਆਂ ਸਨ। ਕਾਮਰਾਨ ਨੇ ਉਨ੍ਹਾਂ ਦੀ ਸਹੀ ਗਿਣਤੀ ਦੱਸ ਦਿੱਤੀ, ਤਦ ਵਪਾਰੀ ਨੇ ਉਸ ਨੂੰ ਸਾਰੀਆਂ ਅਸ਼ਰਫੀਆਂ ਮੋੜ ਦਿੱਤੀਆਂ। ਕਾਮਰਾਨ ਆਪਣੀ ਮਿਹਨਤ ਦੀ ਕਮਾਈ ਹਾਸਲ ਕਰਕੇ ਬੜਾ ਖੁਸ਼ ਹੋਇਆ। ਉਸ ਨੇ ਸ਼ੇਖ ਅਤੇ ਵਪਾਰੀ ਦਾ ਧੰਨਵਾਦ ਕੀਤਾ ਅਤੇ ਖੁਸ਼ੀ-ਖੁਸ਼ੀ ਆਪਣੇ ਘਰ

# ਪੱਥਰੀ ਵਾਲਾ ਨਗ

ਪਸ਼ੂਆਂ ਦਾ ਵਪਾਰੀ ਰੇਸ਼ਮ ਦਖਾਣ ਸੱਥ ਕੋਲ ਆ ਕੇ ਸਾਇਕਲ ਦੇ ਖੱਬੇ ਪਾਸਿਉਂ ਉੱਤਰਦਿਆਂ ਹੀ ਸੱਥ 'ਚ ਥੜ੍ਹੇ 'ਤੇ ਲੱਤਾਂ ਲਮਕਾਈ ਬੈਠੇ ਬਾਬੇ ਆਤਮਾ ਸਿਉਂ ਨੂੰ ਕਹਿੰਦਾ, ਸਣਾ ਬਈ ਬਾਬਾ! ਕੀ ਚੱਜ ਹਾਲ ਐ। ਵੇਚਣੀ ਐਂ ਫਿਰ ਝੋਟੀ ਕੁ ਰੱਖਣੀ ਐਂ?

ਬਾਬੇ ਦੇ ਕੋਲ ਬੈਠਾ ਸੀਤਾ ਮਰਾਸੀ ਕਹਿੰਦਾ, ਕਿਉਂ ਤੂੰ ਲੈਣੀ ਐਂ ਕੁ ਐਮੇਂ ਪੁੱਛਾਂ ਈਂ ਮਰੋੜ ਦਾ ਫਿਰਦੈਂ?

ਰੇਸ਼ਮ ਦਖਾਣ ਬੋਲਿਆ, ਲੈਣੀ ਕਰਕੇ ਤਾਂ ਪੁੱਛਿਆ। ਸੂਅ ਤਾਂ ਪਈ ਹੋਣੀ ਐ ਬਾਬਾ ਕੁ ਅਜੇ ਲੈਂਦੀ ਐ ਕੁਸ ਦਿਨ?

ਨਾਥਾ ਅਮਲੀ ਦਖਾਣ ਦਾ ਸੁਆਲ ਸੁਣ ਕੇ ਕਹਿੰਦਾ, ਕਿੱਦੇਂ ਦੀ ਤਾਂ ਸੂਈ ਵੀ ਐ ਓਏ। ਹੁਣ ਤਾਂ ਕੱਟਾ ਵੀ ਗੱਭਰੂ ਹੋ ਗਿਆ ਹੋਣਾ, ਤੈਨੂੰ ਹੁਣ ਯਾਦ ਆਈਐ ਝੋਟੀ ਦਾ ਸੂਆ। ਕਿੱਥੇ ਰਹਿਨੈਂ ਯਾਰ ਤੂੰ। ਪਹਿਲਾਂ ਤੂੰ ਇਉਂ ਦੱਸ ਬਈ ਤੂੰ ਵਪਾਰੀ ਐਂ ਕੁ ਪਛਾਰੀ ਐਂ। ਲੈਣੀ ਨ੍ਹੀ ਤੂੰ ਕਰਨੀ ਨ੍ਹੀ। ਪੁੱਛ ਪਛਈਆ ਇਉਂ ਕਰਦੈਂ ਜਿਮੇਂ ਲੱਕ ਨੂੰ ਬਾਸਣੀ ਬੰਨ੍ਹੀ ਫਿਰਦੈਂ ਬਈ ਝੋਟੀ ਖਰੀਦ ਕੇ ਈ ਘਰੇ ਵੜਣੈਂ?

ਨਾਥੇ ਅਮਲੀ ਦੀ ਗੱਲ ਤੋਂ ਹੱਸ ਕੇ ਬਾਬੇ ਆਤਮਾ ਸਿਉਂ ਨੇ ਪੁੱਛਿਆ, ਨਾਥਾ ਸਿਆਂ! ਵਪਾਰੀ ਤਾਂ ਸੁਣਦੇ ਆਏ ਆਂ, ਆਹ ਪਛਾਰੀ ਕੀ ਹੁੰਦਾ ਬਈ?

ਅਮਲੀ ਕਹਿੰਦਾ, ਐਮੇਂ ਈਂ ਪੁਛਾਂ ਮਰੋੜਣ ਆਲੇ ਨੂੰ ਪਛਾਰੀ ਕਹਿੰਦੇ ਐ ਬਾਬਾ। ਜੱਲ੍ਹੇ ਕੇ ਨੇਕ ਆਗੂੰ ਚੀਜ ਤਾਂ ਕੋਈ ਲੈਣੀ ਨ੍ਹੀ ਹੁੰਦੀ ਕਰਨੀ ਨ੍ਹੀ ਹੁੰਦੀ, ਭਾਅ ਥੋਕ ਦਾ ਪੁੱਛੀ ਜਾਊ। ਪਹਿਲਾਂ ਪਹਿਲਾਂ ਤਾਂ ਨੇਕ ਨੂੰ ਵੀ ਹੱਟਾਂ ਆਲੇ ਬਹਾ-ਬਹਾ ਚਾਹ ਪਿਆਉਂਦੇ ਹੁੰਦੇ ਸੀ ਬਈ ਖਣੀ ਇਹੀ ਸਾਰੀ ਹੱਟ ਖਰੀਦ ਕੇ ਲੈ ਜੂ। ਜਦੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਬਈ ਇਹਨੇ ਲੈਣਾ ਤਾਂ ਕੁਸ ਹੁੰਦਾ ਨ੍ਹੀ, ਐਮੇਂ ਉੱਜੜੀਆਂ ਖੱਡਾਂ 'ਚ ਈ ਹੱਥ ਪਾਉਣ ਆਲਿਆਂ 'ਚੋਂ ਐ ਇਹੇ, ਫੇਰ ਹੱਟੀਆਂ ਆਲੇ ਨੇਕ ਨੂੰ ਵੇਖ ਕੇ ਦੂਰੋਂ ਈ ਇਉਂ ਹੋਕਰੇ ਮਾਰਨ ਲੱਗ ਜਿਆ ਕਰਨ ਜਿਮੇਂ ਸਬਜੀ ਮੰਡੀ 'ਚ ਵਿਕਣ ਆਈ ਫੁੱਲ ਗੋਭੀ ਦੇ ਢੇਰ ਨੂੰ ਮੂੰਹ ਮਾਰਦੇ ਅਵਾਰਾ ਪਸ਼ੂਆਂ ਨੂੰ ਗੋਭੀ ਵੇਚਣ ਆਇਆ ਜੱਟ ਲਲਕਰਦਾ ਹੁੰਦਾ। ਉਹੀ ਗੱਲ ਇਹਦੀ ਰੇਸ਼ਮ ਦੀ ਐ। ਇਹਨੇ ਹੁਣ ਝੋਟੀ ਲੈਣੀ ਤਾਂ ਹੈਨ੍ਹੀ। ਇਹ ਤਾਂ ਐਮੇਂ ਐਧਰ ਓਧਰ ਦੀਆਂ ਗੱਲਾਂ ਮਾਰ ਕੇ ਵੇਹਲੇ ਨੇ ਦਿਨ ਟਪਾਉਣੈਂ।

ਅਮਲੀ ਵੱਲੋਂ ਰੇਸ਼ਮ ਨੇ ਆਵਦੇ 'ਤੇ ਤਵਾ ਧਰਿਆ ਸੁਣ ਕੇ ਸਾਇਕਲ ਚੁੱਕਿਆ ਤੇ ਸੱਥ 'ਚੋਂ ਭੱਜ ਗਿਆ ਬਈ ਹੁਣ ਅਮਲੀ ਮੇਰੀ ਸਾਰੀ ਜਮ੍ਹਾਂਬੰਦੀ ਖੋਲ੍ਹਕੇ ਬਹਿ ਜੂ। ਜਦੋਂ ਰੇਸ਼ਮ ਸੱਥ 'ਚੋਂ ਚਲਾ ਗਿਆ ਤਾਂ ਸੀਤੇ ਮਰਾਸੀ ਨੇ ਅਮਲੀ ਨੂੰ ਪੁੱਛਿਆ,

ਅਮਲੀਆ ਇਹ ਤਾਂ ਹੁਣ ਗਿਆ ਭੱਜ। ਹੁਣ ਤੂੰ ਇਉਂ ਦੱਸ ਬਈ ਜੇ ਇਹਨੇ ਕੁਸ ਲੈਣਾ ਦੇਣਾ ਨ੍ਹੀ ਹੁੰਦਾ ਤਾਂ ਇਹਨੂੰ ਪਿੰਡ 'ਚ ਵਪਾਰੀ ਕਿਉਂ ਕਹਿੰਦੇ ਐ?

ਅਮਲੀ ਤਰੱਭ ਕੇ ਬੋਲਿਆ, ਆਹ! ਵਪਾਰੀ ਐ ਇਹ ਸੱਤਾਂ ਚੁੱਲਿਆਂ ਦੀ ਸੁਆਹ! ਫੱਟੇ ਚੱਕਾਂ ਦੇ ਬਿੱਕਰ ਦੀਆਂ ਕੁਕੜੀਆਂ ਨੂੰ ਕਿਤੇ ਝੁਲਸ ਰੋਗ ਪੈ ਗਿਆ। ਉਹਦੀਆਂ ਕੁਕੜੀਆਂ ਮਰੀ ਜਾਣ। ਜਿਹੜੀਆਂ ਮਾੜੀਆਂ ਮੋਟੀਆਂ ਬਚੀਆਂ ਸੀ, ਉਹ ਇਹਨੇ ਕਿਤੇ ਓਧਰਲੇ ਗੁਆਂਢ ਆਲੇ ਝਿੰਫਾਂ ਦੇ ਮਖਤਿਆਰੇ ਨੂੰ ਰਾਤੋ ਰਾਤ ਮੁੱਲ ਦੁਆ 'ਤੀਆਂ। ਮਖਤਿਆਰੇ ਦੀ ਕੁੜੀ ਦੇ ਵਿਆਹ 'ਚ ਵੇਖ ਲਾ ਪੰਜ ਸੱਤ ਦਿਨ ਰਹਿੰਦੇ ਸੀ। ਉਹ ਤਾਂ ਕਰਕੇ ਸਸਤੀਆਂ ਸਮਝ ਕੇ ਲੈ ਗਿਆ ਬਈ ਵਿਆਹ 'ਚ ਜੰਨ ਨੂੰ ਝੜਕਾ ਝੁੜਕਾ ਵੀ ਦੇਣਾ ਪਊ। ਸੱਠ ਸੱਤਰ ਕੁਕੜੀਆਂ ਸੀ। ਕੁਕੜੀਆਂ ਅਗਲੇ ਦਿਨ ਝਿੰਫਾਂ ਦੇ ਘਰੇ ਜਾ ਕੇ ਆਥਣ ਨੂੰ ਸਾਰੀਆਂ ਈ ਫੰਘ ਝਾੜ ਗੀਆਂ। ਉਹਦੇ 'ਚੋਂ ਬਿੱਕਰ ਤੋਂ ਕਿਤੇ ਇਹੇ ਪਾਂਜਾ ਸਾਤਾ ਦਲਾਲੀ ਦਾ ਲੈ ਗਿਆ ਹੋਣਾ, ਵੱਸ ਐਨੀ ਗੱਲ 'ਤੇ ਫੱਟੇ ਚੱਕਾਂ ਨੇ ਇਹਦਾ ਨਾਂ ਵਪਾਰੀ ਧਰ 'ਤਾ। ਗੱਲ ਚੱਕਣ ਨੂੰ ਤੈਨੂੰ ਪਤਾ ਬਈ ਫੱਟ ਚੱਕ ਪਹਿਲਾਂ ਤੋਂ ਈ ਗੱਲ ਬਣਾਉਣ ਦੇ ਫੱਟੇ ਚੱਕ ਦਿੰਦੇ ਐ। ਤਾਹੀਉਂ ਬਿੱਕਰ ਕਿਆਂ ਨੂੰ ਫੱਟੇ ਚੱਕ ਕਹਿੰਦਾ ਸਾਰਾ ਪਿੰਡ। ਹਰ ਵਪਾਰ ਨੂੰ ਕਿਤੇ ਇਹੇ ਗਾਹਾਂ ਚੱਕ ਸ਼ੇਰੇ ਆਲੇ ਆਲਾ ਦੀਨਾ ਵਪਾਰੀ ਐ ਬਈ ਜੈਤੋ ਆਲੀ ਅੱਧੀ ਮੰਡੀ ਦੇ ਪਸ਼ੂ ਖਰੀਦ ਕੇ ਲੈ ਜੂ।

ਸੀਤਾ ਮਰਾਸੀ ਮੁਖਤਿਆਰੇ ਕਿਆਂ ਦੀ ਕੁਕੜੀਆਂ ਦੀ ਸਸਤੀ ਖਰੀਦ 'ਤੇ ਤੋੜਾ ਝਾੜਦਾ ਹੱਸ ਕੇ ਕਹਿੰਦਾ, ਫੇਰ ਤਾਂ ਅਮਲੀਆ ਪਤੀਲੇ ਦਾ ਮੁੱਲ ਤਪਲੇ ਈ ਖਾ ਗੇ ਹੈਂਆ। ਨਾਲੇ ਜਦੋਂ ਕੁੱਕੜ ਕੁਕੜੀਆਂ ਨੂੰ ਕੋਈ ਬਮਾਰੀ ਪੈ ਜੇ ਨਾਹ, ਇਹ ਜਾਨਵਰ ਫਿਰ ਬਹੁਤਾ ਚਿਰ ਨ੍ਹੀ ਰਹਿੰਦਾ ਹੁੰਦਾ।

ਅਮਲੀ ਦੀ ਝੁਲਸ ਰੋਗ ਵਾਲੀ ਗੱਲ ਟੁੱਕ ਕੇ ਜੋਗਾ ਕਾਮਰੇਡ ਬੋਲਿਆ, ਝੁਲਸ ਰੋਗ ਤਾਂ ਅਮਲੀਆ ਫਸਲਾਂ ਨੂੰ ਪੈਂਦਾ ਹੁੰਦਾ ਓਏ, ਤੂੰ ਜਾਨਵਰਾਂ ਨੂੰ ਪਾਈ ਜਾਨੈਂ।

ਕਾਮਰੇਡ ਦੀ ਗੱਲ ਸੁਣ ਕੇ ਅਮਲੀ ਕਹਿੰਦਾ, ਚੱਲ! ਜੇ ਝੁਲਸ ਰੋਗ ਨਾ ਹੋਇਆ ਤਾਂ ਕੋਈ ਹੋਰ ਮਰਨ ਮਰਾਉਣ ਆਲੀ ਬਮਾਰੀ ਪੈ ਗੀ ਹੋਣੀ ਐਂ। ਐਮੇਂ ਬਿਨਾਂ ਕਿਸੇ ਬਮਾਰੀ ਤੋਂ ਤਾਂ ਨ੍ਹੀ ਮਰੀਆਂ ਕੁਕੜੀਆਂ। ਮਰੀਆਂ ਤਾਂ ਕਾਮਰੇਟਾ ਬਮਾਰੀ ਨਾਲ ਈ ਐ ਕੁ ਉਈਂ ਕਿਸੇ ਖੁਸ਼ੀ 'ਚ ਮਰ ਗੀਆਂ?

ਮਾਹਲਾ ਨੰਬਰਦਾਰ ਕਹਿੰਦਾ, ਆਹ ਪਿੱਛੇ ਜੇ ਮਹੀਨਾ ਕੁ ਹੋਇਆ ਸੁਣਿਐਂ ਇਹਨੂੰ ਰੇਸ਼ਮ ਨੂੰ ਵੀ ਕੋਈ ਰੋਗ ਰਾਗ ਲੱਗ ਗਿਆ ਸੀ। ਕਹਿੰਦੇ ਮੰਡੀ ਆਲੇ ਕਪਲਾ ਡਾਕਦਾਰ ਦੇ ਦਾਖਲ ਰਿਹਾ ਕਈ ਦਿਨ।

ਸੀਤਾ ਮਰਾਸੀ ਹੱਸ ਕੇ ਕਹਿੰਦਾ, ਭੋਲ਼ੇ ਦਾ ਵੀ ਭਗਵਾਨ ਈਂ ਹੁੰਦਾ ਨੰਬਰਦਾਰਾ। ਇਹ ਤਾਂ ਕਹਿੰਦੇ ਬਚ ਗਿਆ ਅਜੇ। ਇਹਨੂੰ ਤਾਂ ਐਹੋ ਜੀ ਬਮਾਰੀ ਚਿੰਬੜੀ ਸੀ, ਜੇ ਨਾ 'ਰਾਮ ਆਉਂਦਾ ਤਾਂ ਛੱਕੇ ਛੁੱਟ ਜਾਣੇ ਸੀ ਸਾਰੇ ਟੱਬਰ ਦੇ।

ਮਰਾਸੀ ਦੀ ਗੱਲ ਸੁਣ ਕੇ ਨਾਥਾ ਅਮਲੀ ਮਰਾਸੀ ਨੂੰ ਕੌੜ ਤੁੰਮੇ ਵਾਂਗੂੰ ਕਤਾੜ ਕੇ ਪੈ ਗਿਆ, ਕਿਹੜਾ ਰੋਗ ਸੀ ਓਏ ਐਹੋ ਜਾ ਇਹਨੂੰ ਜਿਹੜਾ ਖਾ ਜਾਂਦਾ। ਤੁਸੀਂ ਵੀ ਪਤੰਦਰੋ ਹਰੇਕ ਗੱਲ ਦੀ ਸੂਈ ਚੜ੍ਹਾ ਕੇ ਈ ਰੱਖਦੇ ਐਂ। ਸੀ ਤਾਂ ਇਹਦੇ ਢਿੱਡ 'ਚ ਪਥਰੀ, ਤੁਸੀਂ ਇਹਨੂੰ ਫੱਟੇ ਚੱਕਾਂ ਆਲਿਆਂ ਦੀਆਂ ਕੁਕੜੀਆਂ ਨਾਲ ਰਲਾ 'ਤਾ। ਡਾਕਦਾਰ ਨੇ ਪਥਰੀ ਕੱਢ 'ਤੀ, ਇਹਨੂੰ 'ਰਾਮ ਆ ਗਿਆ। ਹੁਣ ਇਹ ਗਾਹਾਂ ਕਾਨਿਆਂ ਆਲੀ ਆਲਾ ਵੱਡਾ ਸਰਦਾਰਾ ਮੁੱਚ ਬਣਿਆ ਫਿਰਦਾ ਖੜ੍ਹਦਾ ਖੜ੍ਹੋਂਦਾ ਈ ਨ੍ਹੀ ਕਿਤੇ। ਬਾਬੇ ਨੇ ਅਮਲੀ ਨੂੰ ਪੁੱਛਿਆ, ਅਮਲੀਆ ਮੁੱਚ ਕਾਹਤੋਂ ਕਹਿੰਦੇ ਐ ਸਰਦਾਰੇ ਨੂੰ ਬਈ?

ਅਮਲੀ ਕਹਿੰਦਾ, ਹੇਠੋਂ ਉੱਤੋਂ ਇੱਕੋ ਜਾ ਈ ਚੌੜਾ ਭੀੜਾ ਜਾ ਭਾਰੀ ਕਿੱਕਰ ਦੇ ਮੋਟੇ ਮੁੱਚ ਅਰਗਾ। ਲੋਕ ਵੀ ਵੇਖ ਕੇ ਈ ਨਾਂਅ ਧਰਦੇ ਅਗਲੇ ਦਾ। ਐਮੇਂ ਬਿਨਾਂ ਗੱਲ ਤੋਂ ਨ੍ਹੀ ਕਿਸੇ ਦਾ ਨਾਂਅ ਪੈਂਦਾ। ਜਮਾਂ ਮਣਕੇ ਠਣਕਾ ਮਾਰਦੈ ਐ।

ਬੁੱਘਰ ਦਖਾਣ ਕਹਿੰਦਾ, ਜਿਹੜੀ ਨਾ ਖੜ੍ਹਣ ਖੜ੍ਹੋਣ ਆਲੀ ਗੱਲ ਐ ਉਹ ਤਾਂ ਫੇਰ ਡਾਕਦਾਰ ਨੇ ਗੋਡੇ 'ਚੋਂ ਪਥਰੀ ਕੱਢ ਕੇ ਲੱਗਦਾ ਮੋਟੇ ਦੰਦਿਆਂ ਆਲੀ ਕੋਈ ਵੱਡੀ ਗਲਾਰੀ ਪਾ ਕੇ ਬਰੇਕ ਖੋਲ੍ਹ 'ਤੇ ਹੋਣੇ ਐਂ ਜੀਹਦੇ ਕਰਕੇ ਚੱਕਰ ਵਧ ਗੇ। ਤਾਹੀਉਂ ਖੜ੍ਹਦਾ ਖੜ੍ਹੋਂਦਾ ਨ੍ਹੀ।

ਨਾਥਾ ਅਮਲੀ ਬੁੱਘਰ ਨੂੰ ਕਹਿੰਦਾ, ਗੋਡੇ 'ਚ ਨ੍ਹੀ ਸੀ ਓਏ ਪਥਰੀ, ਢਿੱਡ 'ਚ ਸੀ। ਲਉਂ ਹੋਰ ਸੁਣ ਲੋ ਇਹਦੀ ਗੁੱਜਰ ਆਲੀਏ ਦਿਆਲੇ ਦੀ।

ਨਿਹਾਲ ਝਿਓਰ ਕਾ ਗੋਰਖਾ ਕਹਿੰਦਾ, ਇੱਕ ਆਹ ਛਾਂਪ ਜੀ ਪਤਾ ਨ੍ਹੀ ਕਿਥੋਂ ਲੈ ਕੇ ਪਾਈ ਫਿਰਦਾ, ਅਕੇ ਨੌਂ ਹਜਾਰ ਲੱਗਿਆ ਇਹਦੇ 'ਤੇ। ਲੈ ਦੱਸ ਬਾਬਾ, ਨੌਂ ਹਜਾਰ ਦੀ ਮੱਝ ਲੈਂਦਾ, ਸਾਰਾ ਟੱਬਰ ਰੱਜ ਰੱਜ ਦੁੱਧ ਪੀਂਦਾ। ਕੌਣ ਦੇਵੇ ਅਕਲ ਇਨ੍ਹਾਂ ਲੋਕਾਂ ਨੂੰ? ਨਾਥਾ ਅਮਲੀ ਗੋਰਖੇ ਵੱਲ ਵੀ ਇਉਂ ਝਾਕਿਆ ਜਿਮੇਂ ਬੱਛੀ ਭੀੜੀ ਕਰਕੇ ਬੰਨ੍ਹੀ ਹੁੰਦੀ ਐ। ਗੋਰਖੇ ਦੀ ਬਾਂਹ ਝੰਜੋੜ ਕੇ ਕਹਿੰਦਾ, ਅੱਗੇ ਇੱਕ ਮੌਲੜ ਜੀ ਮੱਝ ਰੱਖੀ ਤਾਂ ਸੀ। ਜਿੱਦੇਂ ਪਹਿਲੇ ਦਿਨ ਘਰੇ ਲੈ ਕੇ ਆਇਆ ਓਹਨੇ ਘਰੇ ਵੜਦੀ ਨੇ ਕਿਤੇ ਗੋਹਾ ਕਰ 'ਤਾ। ਰੇਸ਼ਮ ਦੀ ਬਹੂ ਨੇ ਤਾਂ ਤਲ਼ ਪੱਟ ਲਿਆ 'ਤੀ। ਕਹੇ 'ਇਹਨੂੰ ਹੁਣੇ ਈਂ ਬਾਹਰ ਕੱਢ ਖੋਲੜ ਨੂੰ, ਬਾਹਰ ਗਲੀ 'ਚ ਬੰਨ੍ਹ ਕੇ ਆ। ਘਰੇ ਤਾਂ ਇਹ ਤੜਕੇ ਨੂੰ ਮੁਸ਼ਕ ਆਲੀ ਬੂ ਵਰਾਹ ਦੂ'। ਗਰਮੀਆਂ ਦੇ ਬਾਬਾ ਦਿਨ ਸੀ, ਰੇਸ਼ਮ ਨੇ ਬਹੂ ਦੀ ਕੁੱਤੇ ਖਾਣੀ ਤੋਂ ਡਰਦੇ ਨੇ ਰਾਤ ਨੂੰ ਕਿਤੇ ਮੱਝ ਬਾਹਰ ਬੀਹੀ 'ਚ ਬੰਨ੍ਹ 'ਤੀ। ਆਪ ਸਾਰਾ ਟੱਬਰ ਕੋਠੇ 'ਤੇ ਚੜ੍ਹਕੇ ਸੌਂ ਗਿਆ। ਰਾਤ ਨੂੰ ਕੋਈ ਮੱਝ ਖੋਲ੍ਹ ਕੇ ਲੈ ਗਿਆ। ਤੜਕੇ ਉੱਠਿਆਂ ਤੋਂ ਜਦੋਂ ਪਤਾ ਲੱਗਿਆ ਬਈ ਮੱਝ ਤਾਂ ਚੋਰੀ ਹੋ ਗੀ, ਅਕੇ ਰੇਸ਼ਮ ਦੀ ਬਹੂ ਆਂਢ ਗੁਆਂਢ 'ਚ ਕਹਿੰਦੀ ਫਿਰੇ 'ਘਰ 'ਚੋਂ ਕੀ ਪਿੰਡ 'ਚੋਂ ਈ ਮੁਸ਼ਕ ਚੱਕਿਆ ਗਿਆ'। ਹੁਣ ਗੱਲ ਤਾਂ ਇਹ ਐ ਬਈ ਜਦੋਂ ਅੱਗੇ ਨ੍ਹੀ ਬਹੂ ਨੇ ਮੱਝ ਘਰੇ ਵੜਣ ਦਿੱਤੀ ਹੁਣ ਕਿੱਥੋਂ ਕੋਟ ਸ਼ਮੀਰ ਆਲੀ ਖੁਰਲੀ 'ਤੇ ਬੰਨ੍ਹ ਲੂ। ਸੀਤਾ ਮਰਾਸੀ ਕਹਿੰਦਾ, ਚੱਲੋ ਛੱਡੋ ਯਾਰ ਮੱਝ ਦੀ ਗੱਲ। ਆਹ ਛਾਂਪ ਦੀ ਗੱਲ ਦੱਸੋ ਜਿਹੜੀ ਗੋਰਖਾ ਦੱਸਦਾ ਬਈ ਕਹਿੰਦਾ ਨੌਂ ਹਜਾਰ ਲੱਗਿਆ। ਐਹੋ ਜਾ ਕਿਹੜਾ ਮਣਕਾ ਪਰੋਤਾ ਸਨਿਆਰੇ ਨੇ ਜਿਹੜਾ ਐਨਾਂ ਮਹਿੰਗਾ? ਬਿਸ਼ਨੇ ਕਾ ਲੱਭਾ ਕਹਿੰਦਾ, ਰੇਸ਼ਮ ਤਾਂ ਇਉਂ ਦੱਸਦਾ ਬਈ ਤਾਂਬੇ 'ਤੇ ਤਾਂ ਪੰਜ ਸੌ ਈ ਲੱਗਿਆ, ਆਹ ਜਿਹੜਾ ਵਿੱਚ ਨਗ ਨਗ ਐ, ਇਹਦੇ 'ਤੇ ਸਾਢੇ ਅੱਠ ਹਜਾਰ ਲੱਗ ਗਿਆ। ਅਮਲੀ ਕਹਿੰਦਾ, ਹੁਣ ਛਾਂਪ ਦੀ ਵੀ ਸੁਣ ਲੋ ਫਿਰ। ਇਹ ਜਿਹੜਾ ਕੋਈ ਨਗ ਨੁਗ ਛਾਂਪ 'ਚ ਪਾਈ ਫਿਰਦਾ, ਇਹ ਹੀਰਾ ਹੂਰਾ ਜਾਂ ਚਮਕ ਪੱਥਰ ਨ੍ਹੀ ਕੋਈ। ਇਹ ਤਾਂ ਜਿਹੜੀ ਡਾਕਦਾਰ ਨੇ ਪ੍ਰੇਸ਼ਨ ਕਰਕੇ ਢਿੱਡ 'ਚੋਂ ਪਥਰੀ ਕੱਢੀ ਐ, ਉਹ ਐ। ਇਹ ਸੋਨੂੰ ਬੁੱਧੂ ਬਣਾਉਂਦਾ। ਬਾਬੇ ਆਤਮਾ ਸਿਉਂ ਨੇ ਅਮਲੀ ਨੂੰ ਹੈਰਾਨੀ ਨਾਲ ਪੁੱਛਿਆ, ਉਹ ਪਥਰੀ ਕਿਮੇਂ ਬਈ? ਅਮਲੀ ਕਹਿੰਦਾ, ਜਦੋਂ ਡਾਕਦਾਰ ਨੇ ਪਥਰੀ ਕੱਢ ਕੇ ਰੇਸ਼ਮ ਨੂੰ ਵਖਾਈ ਬਈ ਆਹ ਪਥਰੀ ਨਿਕਲੀ ਐ ਤੇਰੇ ਢਿੱਡ 'ਚੋਂ।

# ਦੋਸਤੀ



ਤਿੰਨ ਦਿਨਾਂ ਬਾਅਦ ਹੋਲੀ ਦਾ ਤਿਉਹਾਰ ਹੈ। ਪਿਛਲੇ ਸਾਲ ਹੋਲੀ 'ਤੇ ਨੀਰਜ ਨੂੰ ਉਸਦੇ ਦੋਸਤਾਂ ਨੇ ਜ਼ਬਰਦਸਤੀ ਰੰਗ ਲਗਾਇਆ ਸੀ। ਕੁਝ ਰੰਗ ਨੀਰਜ ਦੇ ਮੂੰਹ ਵਿਚ ਵੀ ਚਲਾ ਗਿਆ ਸੀ। ਨੀਰਜ ਨੂੰ ਹੋਲੀ ਖੇਡਣਾ ਪਸੰਦ ਨਹੀਂ ਸੀ। ਉਸਨੇ ਗੁੱਸੇ ਵਿਚ ਉਸ ਸਮੇਂ ਆਪਣੇ ਦੋਸਤਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ, ਯਾਦ ਰੱਖਣਾ ਇਸਦਾ ਬਦਲਾ ਅਗਲੇ ਸਾਲ ਲਿਆ ਜਾਵੇਗਾ। ਉਸਦੇ ਦੋਸਤ ਤਾਂ ਉਸਦੀ ਉਹ ਗੱਲ ਭੁੱਲ ਗਏ ਸਨ, ਪਰ ਨੀਰਜ ਨੇ ਇਸ ਵਾਰ ਦੀ ਹੋਲੀ 'ਤੇ ਪਹਿਲਾਂ ਦੀ ਤਰ੍ਹਾਂ ਆਪ ਤਾਂ ਹੋਲੀ ਖੇਡਣੀ ਨਹੀਂ ਸੀ, ਪਰ ਉਹ ਆਪਣੇ ਦੋਸਤਾਂ ਨੂੰ ਇਸ ਹੋਲੀ 'ਤੇ ਕੋਈ ਸਬਕ ਸਿਖਾਉਣ ਦੀ ਯੋਜਨਾ ਬਣਾ ਚੁੱਕਾ ਸੀ।

ਉਸਦੇ ਦੋਸਤ ਰਿੰਕੂ, ਹੈਰੀ, ਗਗਨ, ਪਾਰਸ ਹੋਲੀ ਮਨਾਉਣ ਲਈ ਗਲੀ ਵਿਚ ਇਕੱਠੇ ਹੋ ਚੁੱਕੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਨੀਰਜ ਨੂੰ ਬੁਲਾਉਣਾ ਬੇਕਾਰ ਹੈ। ਅੱਜ ਤਾਂ ਉਸਨੇ ਮੋਬਾਈਲ ਵੀ ਨਹੀਂ ਚੁੱਕਣਾ। ਉਹ ਆਪਣੇ ਕਮਰੇ ਵਿਚ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਹੋਣਾ।

ਫਿਰ ਸਾਰੇ ਦੋਸਤ ਹੋਲੀ ਮਨਾਉਣ ਲੱਗ ਪਏ। ਰਿੰਕੂ ਨੇ ਆਪਣੀ ਨਵੀਂ ਲਿਆਂਦੀ ਪਿਚਕਾਰੀ ਨਾਲ ਤਿੰਨਾਂ ਦੋਸਤਾਂ ਦੀਆਂ ਪੁਸ਼ਾਕਾਂ ਨੂੰ ਜਿਵੇਂ ਹੀ ਸਫ਼ੈਦ ਤੋਂ ਲਾਲ ਕੀਤਾ ਤਾਂ ਤਿੰਨਾਂ ਨੇ ਵੀ ਉਸ ਨੂੰ ਖ਼ੂਬ ਗੁਲਾਲ ਲਗਾਇਆ। ਕਾਸ਼! ਨੀਰਜ ਵੀ ਹੋਲੀ ਖੇਡਦਾ ਤਾਂ ਹੋਰ ਮਜ਼ਾ ਆਉਂਦਾ। ਪਾਰਸ ਨੇ ਆਪਣੀ ਜੇਬ ਵਿਚੋਂ ਗੁਲਾਲ ਦੀ ਮੁੱਠੀ ਭਰਦਿਆਂ ਕਿਹਾ।

ਉਹ ਤਾਂ ਡਰਪੋਕ ਹੈ। ਉਸਨੂੰ ਤਾਂ ਹੋਲੀ ਦੇ ਰੰਗ ਤੋਂ ਹੀ ਚਿੜ ਹੈ। ਗਗਨ ਨੇ ਆਪਣੇ ਮੂੰਹ 'ਤੇ ਲੱਗਿਆ ਗੁਲਾਲ ਝਾੜਦਿਆਂ ਕਿਹਾ।

ਤਦੇ ਉਨ੍ਹਾਂ ਨੇ ਦੇਖਿਆ ਕਿ ਨੀਰਜ ਉਨ੍ਹਾਂ ਵੱਲ ਹੀ ਆ ਰਿਹਾ ਹੈ। ਸਭ ਨੂੰ ਇਹ ਵੇਖ ਕੇ ਹੈਰਾਨੀ ਹੋਈ। ਨੀਰਜ ਨੇ ਉਨ੍ਹਾਂ ਤੋਂ ਥੋੜ੍ਹੀ ਦੂਰ ਖਲ੍ਹੋ ਕੇ ਆਖਿਆ, ਦੇਖੋ ਬਈ, ਮੈਨੂੰ ਪਿਛਲੀ ਹੋਲੀ ਵਾਂਗ ਰੰਗ ਲਗਾਉਣ ਦੀ ਕੋਸ਼ਿਸ਼ ਨਾ ਕਰਨਾ। ਮੈਂ ਤਾਂ ਤੁਹਾਨੂੰ ਆਪਣੇ ਘਰ ਬੁਲਾਉਣ ਆਇਆ ਹਾਂ। ਮੇਰੇ ਮੰਮੀ ਨੇ ਤੁਹਾਡੇ ਸਭ ਲਈ ਹੋਲੀ ਦੇ ਮੌਕੇ ਵਧੀਆ ਪਕਵਾਨ ਬਣਾਏ ਹਨ। ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਤੁਹਾਨੂੰ ਸੱਦਾ ਦੇਣ ਆਇਆ ਹਾਂ।

ਨੀਰਜ ਦੀ ਗੱਲ ਸੁਣ ਕੇ ਉਸਦੇ ਦੋਸਤਾਂ ਦੇ ਮੂੰਹ ਵਿਚ ਪਾਣੀ ਆ ਗਿਆ। ਉਂਜ ਵੀ ਉਨ੍ਹਾਂ ਦਾ ਕੁਝ ਖਾਣ ਨੂੰ ਮਨ ਸੀ। ਉਹ ਸਭ ਨੀਰਜ ਦੇ ਨਾਲ ਉਸ ਦੇ ਘਰ ਚੱਲ ਪਏ। ਨੀਰਜ ਨੇ ਉਨ੍ਹਾਂ ਨੂੰ ਵਿਹੜੇ ਵਿਚ ਇਕ ਜਗ੍ਹਾ 'ਤੇ ਬਿਠਾਇਆ ਤੇ ਕਿਹਾ, ਇੱਥੇ ਹੀ ਬੈਠਣਾ, ਮੈਂ ਸਭ ਲਈ ਮੰਮੀ ਦੇ ਹੱਥ ਦੇ ਬਣਾਏ ਪਕਵਾਨ ਲੈ ਕੇ ਆਉਂਦਾ ਹਾਂਗੁਜੀਆ ਤਾਂ ਬਹੁਤ ਸਵਾਦ ਬਣੀ ਹੈ।

ਵਾਹ ਗੁਜੀਆਹੋਰ ਕੀ ਕੀ ਹੈ ?ਗਗਨ ਨੇ ਉਤਸੁਕਤਾ ਨਾਲ ਪੁੱਛਿਆ।

ਪਰ ਨੀਰਜ ਹੱਥ ਨਾਲ ਸਬਰ ਰੱਖਣ ਦਾ ਇਸ਼ਾਰਾ ਕਰਕੇ ਅੰਦਰ ਚਲਾ ਗਿਆ। ਚਾਰੋਂ ਦੋਸਤ ਆਪਸ ਵਿਚ ਗੱਲਾਂ ਕਰ ਹੀ ਰਹੇ ਸਨ ਕਿ ਸਭ ਨੂੰ ਜਿਵੇਂ ਭਾਜੜਾਂ ਪੈ ਗਈਆਂ। ਇਕ ਪਲ ਤਾਂ ਉਨ੍ਹਾਂ ਨੂੰ ਲੱਗਿਆ ਜਿਵੇਂ ਉਹ ਕਿਸੇ ਤੇਜ਼ ਵਗਦੇ ਝਰਨੇ ਹੇਠਾਂ ਨਹਾ ਰਹੇ ਹੋਣ। ਨੀਰਜ ਦੀ ਇਹ ਚਾਲ ਸੀ। ਉਸਨੇ ਪਕਵਾਨ ਦੇ ਲਾਲਚ ਵਿਚ ਆਪਣੇ ਦੋਸਤਾਂ ਨੂੰ ਆਪਣੀ ਮਿੱਥੀ ਜਗ੍ਹਾ 'ਤੇ ਲਿਆ ਕੇ ਬਿਠਾ ਦਿੱਤਾ ਸੀ। ਉਸਨੇ ਪਹਿਲਾਂ ਹੀ ਉਸ ਜਗ੍ਹਾ ਦੇ ਠੀਕ ਉੱਪਰ ਇਕ ਕਾਲੇ ਘੋਲ ਵਾਲੀ ਬਾਲਟੀ ਭਰ ਕੇ ਰੱਖੀ ਸੀ। ਮੌਕਾ ਵੇਖਦੇ ਹੀ ਉਸਨੇ ਆਪਣੀ ਯੋਜਨਾ ਨੂੰ ਅੰਜਾਮ ਦੇ ਦਿੱਤਾ।

ਉਸਦੇ ਦੋਸਤਾਂ ਨੇ ਦੇਖਿਆ ਤਾਂ ਇਕ ਪਲ ਲਈ ਹੋਰ ਵੀ ਘਬਰਾ ਗਏ। ਸਭ ਦੇ ਚਿਹਰੇ ਕਾਲੇ ਕਲੂਟੇ ਹੋ ਗਏ ਸਨ। ਉਨ੍ਹਾਂ ਨੇ ਉਤਾਂਹ ਨਜ਼ਰ ਮਾਰੀ ਤਾਂ ਕੋਠੇ ਖੜ੍ਹਾ ਨੀਰਜ ਹੱਸ ਹੱਸ ਕੇ ਲੋਟਪੋਟ ਹੋ ਰਿਹਾ ਸੀ ਤੇ ਕਹਿ ਰਿਹਾ ਸੀ,ਕੁਝ ਯਾਦ ਆਇਆਪਿਛਲੀ ਹੋਲੀ 'ਤੇ ਤੁਸੀਂ ਮੈਨੂੰ ਜ਼ਬਰਦਸਤੀ ਰੰਗ ਲਗਾਇਆ ਸੀਇਸ ਹੋਲੀ 'ਤੇ ਮੈਂ ਆਪਣਾ ਬਦਲਾ ਲੈ ਲਿਆਹਾ ਹਾ ਹਾ।

ਹੁਣ ਤਕ ਇਹ ਸ਼ੋਰ ਸੁਣ ਕੇ ਨੀਰਜ ਦੇ ਮੰਮੀ ਪਾਪਾ ਵੀ ਬਾਹਰ ਆ ਗਏ ਸਨ। ਉਨ੍ਹਾਂ ਨੂੰ ਸਾਰਾ ਮਾਜਰਾ ਸਮਝ ਆਇਆ ਤਾਂ ਨੀਰਜ ਦੇ ਪਾਪਾ ਨੇ ਨੀਰਜ ਨੂੰ ਹੇਠਾਂ ਬੁਲਾਇਆ ਤੇ ਫਿਰ ਥੋੜ੍ਹਾ ਗੁੱਸਾ ਵਿਖਾਉਂਦੇ ਹੋਏ ਬੋਲੇ, ਨੀਰਜ, ਮੈਂ ਇਹ ਕੀ ਸੁਣ ਰਿਹਾ ਹਾਂ। ਹੋਲੀ 'ਤੇ ਬਦਲਾ। ਬੇਟਾ ਹੋਲੀ ਬਦਲੇ ਦੀ ਭਾਵਨਾ ਨਾਲ ਨਹੀਂ ਖੇਡੀ ਜਾਂਦੀ। ਇਹ ਤਾਂ ਆਪਸੀ ਪ੍ਰੇਮ ਤੇ ਖ਼ੁਸ਼ੀਆਂ ਦਾ ਤਿਉਹਾਰ ਹੈ ਨਾ ਕਿ ਕਿਸੇ ਨੂੰ ਧੋਖੇ ਨਾਲ ਘਰ ਬੁਲਾ ਕੇ ਸ਼ਰਮਿੰਦਾ ਕਰਨ ਦਾ। ਫਿਰ ਹੋਲੀ 'ਤੇ ਸਾਫ਼ ਸੁਥਰੇ ਰੰਗ ਲਗਾਉਣੇ ਚਾਹੀਦੇ ਹਨ ਨਾ ਕਿ ਕੈਮੀਕਲ ਵਾਲੇ ਘੋਲ ਨਾਲ ਦੋਸਤਾਂ ਨੂੰ ਨੁਕਸਾਨ ਪਹੁੰਚਾਉਣਾ। ਇਹ ਹਾਨੀਕਾਰਕ ਘੋਲ ਹੈ। ਅੱਖਾਂ ਨੂੰ ਨੁਕਸਾਨ ਵੀ ਕਰ ਸਕਦਾ ਹੈ। ਮੈਨੂੰ ਤੇਰੀ ਇਹ ਹਰਕਤ ਬਿਲਕੁਲ ਵੀ ਚੰਗੀ ਨਹੀਂ ਲੱਗੀ।

ਮੈਨੂੰ ਮੁਆਫ਼ ਕਰ ਦਿਓ ਪਾਪਾ। ਨੀਰਜ ਨੇ ਸਿਰ ਝੁਕਾਉਂਦੇ ਹੋਏ ਕਿਹਾ।

ਅੰਕਲ ਇਸ ਨੂੰ ਮੁਆਫ਼ ਕਰ ਦਿਓ। ਸਾਨੂੰ ਇਸ ਨਾਲ ਕੋਈ ਗਿਲਾ ਨਹੀਂ। ਇਹ ਸਾਡਾ ਪਿਆਰਾ ਦੋਸਤ ਹੈ। ਰਿੰਕੂ ਨੇ ਨੀਰਜ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ। ਵੇਖਿਆ ਇਹ ਹੁੰਦੀ ਹੈ ਦੋਸਤੀ। ਦੋਸਤੀ ਵਿਚ ਬਦਲੇ ਤੇ ਨੀਵਾਂ ਵਿਖਾਉਣ ਦੀ ਕੋਈ ਜਗ੍ਹਾ ਨਹੀਂ ਹੁੰਦੀ। ਚੱਲ ਹੁਣ ਇਨ੍ਹਾਂ ਦੇ ਚਿਹਰੇ ਧੁਆ। ਪਾਪਾ ਨੇ ਕਿਹਾ।

ਚਿਹਰੇ ਹੀ ਨਹੀਂ ਧੁਆਣੇ ਇਨ੍ਹਾਂ ਨੂੰ ਪਿਆਰ ਤੇ ਆਦਰ ਨਾਲ ਅੰਦਰ ਲੈ ਕੇ ਆ। ਮੈਂ ਇਨ੍ਹਾਂ ਨੂੰ ਆਪਣੇ ਹੱਥੀਂ ਬਣਾਏ ਹੋਲੀ ਦੇ ਪਕਵਾਨ ਖੁਆਵਾਂਗੀ। ਨੀਰਜ ਦੇ ਮੰਮੀ ਨੇ ਮੁਸਕਰਾ ਕੇ ਸਭ ਦੋਸਤਾਂ ਨੂੰ ਕਿਹਾ। ਫਿਰ ਸਾਰਿਆਂ ਨੇ ਨੀਰਜ ਦੇ ਘਰ ਦੇ ਵਿਹੜੇ ਵਿਚ ਲੱਗੀ ਟੂਟੀ ਚਲਾ ਕੇ ਆਪੋ ਆਪਣੇ ਮੂੰਹ ਧੋਤੇ ਤੇ ਨੀਰਜ ਦੀ ਮੰਮੀ ਦੇ ਬਣਾਏ ਪਕਵਾਨ ਖਾਧੇ।

# ਡਿਜੀਟਲ ਨੈੱਟਵਰਕ ਦੇ ਜ਼ਹਿਰ ਦਾ ਅਸਰ



ਸੂਚਨਾ ਤਕਨਾਲੋਜੀ ਦੇ ਸਾਰੇ ਉਪਕਰਣਾਂ ਅਤੇ ਉਨ੍ਹਾਂ ਜ਼ਰੀਏ ਸਿਰਜ ਹੋਈ ਇਸ ਡਿਜੀਟਲ ਦੁਨੀਆ 'ਚ ਦਿਨ ਦਾ ਜ਼ਿਆਦਾਤਰ ਸਮਾਂ ਗੁਜ਼ਾਰਨ ਦੇ ਮਾਰੂ ਅਸਰ ਵੀ ਹੁਣ ਨਜ਼ਰ ਆਉਣ ਲੱਗ ਪਏ ਹਨ। ਲੋਕਾਂ 'ਚ ਨਾ ਸਿਰਫ਼ ਇਕੱਲੇਪਣ ਦਾ ਅਹਿਸਾਸ ਹੁੰਦਾ ਹੈ ਬਲਕਿ ਉਨ੍ਹਾਂ 'ਚ ਇਕ ਖ਼ਾਸ ਕਿਸਮ ਦਾ ਉਕਾਊਪਣ, ਤਣਾਅ ਅਤੇ ਚਿੜਚਿੜਾਪਣ ਭਰ ਜਾਂਦਾ ਹੈ। ਇਹ ਹੱਦੋਂ ਟੱਪ ਜਾਣ ਵਾਲੀ ਡਿਜੀਟਲ ਗਤੀਵਿਧੀਆਂ ਦਾ ਨਤੀਜਾ ਹੁੰਦਾ ਹੈ। ਮਨੋਵਿਗਿਆਨੀ ਇਸ ਲਈ 'ਡਿਜੀਟਲ ਪੁਆਇਜ਼ਨ' ਸ਼ਬਦ ਵਰਤਣ ਲੱਗੇ ਹਨ। ਅਸਲ 'ਚ ਕਿਸੇ ਵੀ ਸਿਹਤਮੰਦ ਨੂੰ ਇਹ ਡਿਜੀਟਲ ਪੁਆਇਜ਼ਨ ਉਸੇ ਤਰ੍ਹਾਂ ਬਿਮਾਰ ਕਰ ਦਿੰਦੇ ਹਨ ਜਿਵੇਂ ਰਵਾਇਤੀ ਜ਼ਹਿਰ ਕਰਦਾ ਹੈ। ਇਹ ਬਿਨਾਂ ਵਜ੍ਹਾ ਨਹੀਂ ਹੈ ਕਿ ਅੱਜ ਅਮਰੀਕਾ 'ਚ ਹਰ ਚੌਥਾ ਵਿਅਕਤੀ ਚਿੜਚਿੜਾ ਹੈ, ਹਰ ਛੇਵਾਂ ਵਿਅਕਤੀ ਨਿਰਾਸ਼ਾ 'ਚ ਡੁੱਬਿਆ ਹੈ ਅਤੇ ਹਰ ਸੱਤਵਾਂ ਵਿਅਕਤੀ ਡਿਜੀਟਲ ਜੀਵਨ ਜਾਚ ਦੇ ਕਾਰਨ ਮਾਨਸਿਕ ਰੋਗਾਂ ਦਾ ਸ਼ਿਕਾਰ ਹੈ। ਭਾਵੇਂ ਇਹ ਸਭ ਕੁਝ ਹਾਲੇ ਜਾਨਲੇਵਾ ਹੱਦ ਤਕ ਨਾ ਪਹੁੰਚਿਆ ਹੋਵੇ ਪਰ ਅੱਜ ਡਿਜੀਟਲ ਨਸ਼ਾ ਅਮਰੀਕਾ ਹੀ ਨਹੀਂ ਲਗਪਗ ਹਰ ਦੇਸ਼ 'ਚ ਇਕ ਗੰਭੀਰ ਬਿਮਾਰੀ ਦਾ ਰੂਪ ਲੈ ਚੁੱਕਾ ਹੈ। ਅਮਰੀਕਾ ਅਤੇ ਆਸਟ੍ਰੇਲੀਆ 'ਚ ਜਿੱਥੇ ਈਅਰ ਫੋਨ ਕਾਰਨ ਹੋਣ ਵਾਲੀਆਂ ਮੌਤਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ, ਉੱਥੇ ਈਅਰ ਫੋਨ ਬਹੁਤ ਹੀ ਖ਼ਤਰਨਾਕ ਡਿਵਾਈਸ ਮੰਨਿਆ ਜਾਣ ਲੱਗਾ ਹੈ। ਇਹ ਵੱਖਰੀ ਗੱਲ ਹੈ ਕਿ ਉੱਥੇ ਵੀ ਅਜੇ ਤਕ ਇਸ ਦਾ ਨਸ਼ਾ ਬਰਕਰਾਰ ਹੈ। ਅਮਰੀਕਾ ਦੇ ਰਿਕਾਰਡ ਮੁਤਾਬਕ 2004-05 'ਚ ਜਿੱਥੇ ਈਅਰ ਫੋਨ ਦੇ ਚੱਲਦਿਆਂ 16 ਦੁਰਘਟਨਾਵਾਂ ਦੀ ਗਿਣਤੀ ਵਧ ਕੇ 47 ਹੋ ਗਈ ਸੀ। ਇਨ੍ਹਾਂ ਦੁਰਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ 67ਫੀਸਦੀ ਨੌਜਵਾਨ ਸਨ।

ਸ਼ੁਰੂ ਹੋਏ ਡਿਜੀਟਲ ਡੀਟਾਕਸ ਸੈਂਟਰ ਡਿਜੀਟਲ ਅਡਿਕਸ਼ਨ ਤੋਂ ਬਚਣ ਲਈ ਯੂਰਪ ਅਤੇ ਅਮਰੀਕਾ 'ਚ ਵੱਡੇ ਪੈਮਾਨੇ 'ਤੇ 'ਡਿਜੀਟਲ ਡਿਟਾਕਸ' ਸੈਂਟਰਾਂ ਦੀ ਸ਼ੁਰੂਆਤ ਹੋ ਚੁੱਕੀ ਹੈ। ਲੋਕ ਜਿਵੇਂ ਪਹਿਲਾਂ ਆਪਣੇ ਅਸ਼ੁੱਧ ਖਾਣ-ਪੀਣ ਦੇ ਚੱਲਦੇ ਇਕ ਧੀਮੇ ਜ਼ਹਿਰ ਦੀ ਪਕੜ 'ਚ ਆ ਜਾਂਦੇ ਹਨ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਡੀਟਾਕਸ ਦੀ ਪ੍ਰਕਿਰਿਆ ਅਪਣਾਉਂਦੇ ਸਨ, ਅੱਜ ਉੱਥੇ ਡਿਜੀਟਲ ਮਾੜੇ ਅਸਰਾਂ ਨਾਲ ਨਿਪਟਣ ਦੇ ਮਾਮਲੇ 'ਚ ਹੋ ਰਿਹਾ ਹੈ। ਫੋਨ, ਸਮਾਰਟਫੋਨ, ਟੈਬਲੈਟ, ਲੈਪਟਾਪ, ਡੈਸਕਟਾਪ ਕੰਪਿਊਟਰ, ਡਿਜੀਟਲ ਐਕਸਰਸਾਈਜ਼ ਸੰਭਵ ਬਣਾਉਣ ਵਾਲੇ ਉਪਕਰਣ ਅਤੇ ਇਸੇ ਤਰ੍ਹਾਂ ਦੇ ਹੋਰ ਸਾਰੇ ਉਪਕਰਣ, ਜਿਨ੍ਹਾਂ ਨੇ ਸਾਡੀ ਵਿਅਕਤੀਗਤ ਜ਼ਿੰਦਗੀ ਨੂੰ ਤੇਜ਼ ਰਫ਼ਤਾਰ ਕਰ ਦਿੱਤਾ ਹੈ, ਉਨ੍ਹਾਂ ਨਾਲ ਇਹ ਡਿਜੀਟਲ ਜ਼ਹਿਰ ਬਹੁਤ ਤੇਜ਼ੀ ਨਾਲ ਫੈਲਣ ਲੱਗਾ ਹੈ ਅਤੇ ਹੁਣ ਇਸ ਜ਼ਹਿਰ ਨਾਲ ਨਿਪਟਣ ਦਾ ਤਰੀਕਾ ਵੀ ਵੱਡਾ ਪੈਮਾਨੇ 'ਤੇ ਲੋਕ ਅਪਣਾਉਣ ਲੱਗੇ ਹਨ।

ਸਿਹਤ 'ਤੇ ਬੁਰਾ ਅਸਰ

ਡਿਜੀਟਲ ਅਡਿਕਸ਼ਨ ਦਾ ਸ਼ਿਕਾਰ ਲੋਕ ਹੈੱਡ/ਈਅਰ ਫੋਨ ਦਾ ਸ਼ਿਕਾਰ ਹੋ ਜਾਂਦੇ ਹਨ। । ਇਹ ਸਿਰਫ਼ ਦੁਰਘਟਨਾਵਾਂ ਦਾ ਹੀ ਸ਼ਿਕਾਰ ਨਹੀਂ ਬਣਾਉਂਦੇ ਬਲਕਿ ਯੂਨਾਈਟਿਡ ਨੇਸ਼ਨ ਦੁਆਰਾ ਕਰਵਾਏ ਗਏ ਸਰਵੇ ਮੁਤਾਬਕ ਲਗਾਤਾਰ ਸਮਾਰਟਫੋਨ ਜ਼ਰੀਏ ਗਾਣੇ ਸੁਣਨ ਅਤੇ ਜ਼ਿਆਦਾ ਦੇਰ ਤਕ ਇਸ ਦੇ ਸੰਪਰਕ 'ਚ ਰਹਿਣ ਕਾਰਨ ਦੁਨੀਆ 'ਚ ਕਰੀਬ 1 ਅਰਬ ਲੋਕ ਬੋਲ਼ੇਪਣ ਦਾ ਸ਼ਿਕਾਰ ਹੋ ਚੁੱਕੇ ਹਨ। ਅਸਲ 'ਚ ਸਾਡੇ ਕੰਨਾਂ ਦੀ ਸੁਣਨ ਸਮਰੱਥਾ ਸਿਰਫ਼ 90 ਡੈਸੀਬਲ ਹੁੰਦੀ ਹੈ ਜੋ ਲਗਾਤਾਰ ਵਰਤੋਂ ਨਾਲ ਘਟ ਜਾਂਦੀ ਹੈ।

ਜ਼ਰੂਰੀ ਹੈ ਦੂਰੀ

ਡਿਜੀਟਲ ਅਡਿਕਸ਼ਨ ਤੋਂ ਬਚਣਾ ਜ਼ਰੂਰੀ ਹੈ ਕਿਉਂਕਿ ਫਿਰ ਹੀ ਤੁਸੀਂ ਪੂਰੀ ਤਰ੍ਹਾਂ ਸਿਹਤਮੰਦ ਹੋ ਸਕੋਗੇ। ਸਰੀਰਕ ਤੌਰ 'ਤੇ ਸਿਹਤਮੰਦ ਵਿਅਕਤੀ ਵੀ ਡਿਜੀਟਲੀ ਬਿਮਾਰ ਹੈ। ਇਹ ਬਿਮਾਰੀ ਰਵਾਇਤੀ ਬਿਮਾਰੀਆਂ ਨਾਲੋਂ ਘੱਟ ਨਹੀਂ ਹੈ। ਜੇ ਤੁਸੀਂ ਡਿਜੀਟਲ ਲਤ 'ਚੋਂ ਨਿਕਲ ਕੇ ਡਿਜੀਟਲ ਲਾਈਫ ਨੂੰ ਆਪਣੇ ਅਨੁਸ਼ਾਸਨ 'ਚ ਢਾਲ ਲੈਂਦੇ ਹੋ ਤਾਂ ਇਹ ਨਾ ਸਿਰਫ਼ ਤੁਹਾਡੀ ਮਾਨਸਿਕ ਬਲਕਿ ਸਰੀਰਕ ਸਿਹਤ ਲਈ ਵੀ ਚੰਗਾ ਰਹੇਗਾ। ਡਿਜੀਟਲ ਡਿਟਾਕਸ ਕਰਨ ਨਾਲ ਸਾਡੀ ਕਾਰਜ ਸਮਰੱਥਾ 'ਚ ਜ਼ਬਰਦਸਤ ਵਾਧਾ ਹੁੰਦਾ ਹੈ। ਇਸ ਤਰ੍ਹਾਂ ਅੱਜ ਦੀ ਤਰੀਕ 'ਚ ਸਿਹਤਮੰਦ ਰਹਿਣ ਲਈ ਸਿਰਫ਼ ਰਵਾਇਤੀ ਬਿਮਾਰੀਆਂ ਤੋਂ ਹੀ ਨਹੀਂ ਬਲਕਿ ਆਪਣੀ ਟੈਕਨੋ ਜੀਵਨ ਜਾਚ ਨਾਲ ਵੀ ਜੂਝਣਾ ਜ਼ਰੂਰੀ ਹੈ।

ਡਿਜੀਟਲ ਲਾਈਫ ਦਾ ਚੱਕਰਵਿਊ

ਅੱਜ-ਕੱਲ੍ਹ ਇਕ ਨਵਾਂ ਰੁਝਾਨ ਸ਼ੁਰੂ ਹੋ ਗਿਆ ਹੈ। ਦਫ਼ਤਰ ਜਾਣ ਵਾਲੇ 80 ਫ਼ੀਸਦੀ ਜਵਾਨ ਉੱਥੇ ਪਹੁੰਚਣ ਤਕ ਅਕਸਰ ਆਪਣੇ ਕੰਨ 'ਚ ਈਅਰ ਜਾਂ ਹੈੱਡ ਫੋਨ ਲਾਈ ਰੱਖਦੇ ਹਨ। ਪਤਾ ਨਹੀਂ ਲੱਗਦਾ ਉਹ ਗਾਣਾ ਸੁਣ ਰਹੇ ਹਨ ਜਾਂ ਕੋਈ ਕਹਾਣੀ। ਪਰ ਇਹ ਤਾਂ ਪਤਾ ਹੁੰਦਾ ਹੀ ਹੈ ਕਿ ਉਹ ਡਿਜੀਟਲ ਚੱਕਰਵਿਊ 'ਚ ਕੈਦ ਹਨ। ਅੱਜ ਦੀ ਤਰੀਕ 'ਚ ਸਾਡੀ ਰੋਜ਼ਾਨਾ ਜ਼ਿੰਦਗੀ ਡਿਜੀਟਲ ਉਪਕਰਣਾਂ ਅਤੇ ਡਿਜੀਟਲ ਗਤੀਵਿਧੀਆਂ ਨਾਲ ਸਵੇਰੇ ਜਾਗਣ ਤੋਂ ਲੈ ਕੇ ਰਾਤ ਸੌਣ ਤਕ ਘਿਰੀ ਰਹਿੰਦੀ ਹੈ।

ਏਦਾਂ ਬਚੋ ਇਸ ਲਤ ਤੋਂ

ਸਵਾਲ ਹੈ ਕੀ ਤੁਸੀਂ ਵੀ ਡਿਜੀਟਲ ਨਸ਼ੇ ਅਤੇ ਇਸ ਨਾਲ ਪੈਦਾ ਹੋਏ ਸਿਹਤ ਸਬੰਧੀ ਮਾੜੇ ਅਸਰਾਂ ਦੇ ਆਦੀ ਹੋ ਚੁੱਕੇ ਹੋ? ਇਸ ਦਾ ਪਤਾ ਲਾਉਣ ਦਾ ਸਭ ਤੋਂ ਸਧਾਰਨ ਤਰੀਕਾ ਇਹ ਹੈ ਕਿ ਕੀ ਤੁਸੀਂ ਹਰ ਪੰਜ ਮਿੰਟ ਬਾਅਦ ਆਪਣੇ ਨੋਟੀਫਿਕੇਸ਼ਨ ਚੈੱਕ ਕਰਦੇ ਹੋ ? ਜੇ ਹਾਂ ਤਾਂ ਤੁਸੀਂ ਡਿਜੀਟਲ ਲਤ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਤੋਂ ਬਚਣ ਲਈ ਸਭ ਤੋਂ ਪਹਿਲਾਂ ਤੁਰੰਤ ਜ਼ਰੂਰੀ ਇਹ ਹੈ ਕਿ ਤੁਸੀਂ ਆਪਣੇ ਫੋਨ ਤੋਂ ਨੋਟੀਫਿਕੇਸ਼ਨ ਅਲਰਟ ਨੂੰ ਫਿਲਹਾਲ ਤਾਂ ਟਰਨਆਫ ਕਰ ਦਿਓ। ਜੇ ਇਹ ਪੱਕੇ ਤੌਰ 'ਤੇ ਬੰਦ ਕਰਨਾ ਸੰਭਵ ਨਹੀਂ ਹੈ ਤਾਂ ਹਰ ਦਿਨ ਪੂਰੀ ਰਾਤ ਟਰਨਆਫ ਰੱਖੋ ਅਤੇ ਸਵੇਰੇ ਜਾਗਣ ਤੋਂ ਲੈ ਕੇ ਸੌਣ ਤਕ ਘੱਟ ਤੋਂ ਘੱਟ 3 ਘੰਟਿਆਂ ਤਕ ਇਸ ਲੱਤ ਤੋਂ ਦੂਰ ਰਹੋ। ਡਿਜੀਟਲ ਪੁਆਇਜ਼ਨ ਤੋਂ ਬਚਣ ਦਾ ਇਕ ਤਰੀਕਾ ਇਹ ਵੀ ਹੈ ਕਿ ਆਪਣੇ ਸਮਾਰਟਫੋਨ ਨੂੰ ਹਰ ਸਮੇਂ ਆਪਣੀਆਂ ਅੱਖਾਂ ਸਾਹਮਣੇ ਨਾ ਰੱਖੋ। ਇਸ ਦੀ ਮੌਜੂਦਗੀ ਤੁਹਾਡੇ ਹਰ ਸੰਜਮ ਨੂੰ ਤੋੜੇਗੀ। ਇਸ ਲਈ ਜੇ ਘਰ 'ਚ ਹੋ ਤਾਂ ਸਦਾ ਆਪਣੇ ਫੋਨ ਨੂੰ ਦੂਜੇ ਕਮਰੇ 'ਚ ਓਨੀ ਕਿ ਦੂਰੀ 'ਤੇ ਰੱਖੋ ਕਿ ਫੋਨ ਆਉਣ 'ਤੇ ਬਿਨਾਂ ਕੋਈ ਪਲ ਗਵਾਏ ਛੇਤੀ ਤੋਂ ਛੇਤੀ ਉਸ ਤਕ ਪਹੁੰਚ ਸਕੋ। ਹਰ ਕੰਮ ਸੋਸ਼ਲ ਮੀਡੀਆ 'ਚ ਹੀ ਨਾ ਕਰੋ, ਹਰ ਜਗ੍ਹਾ ਆਭਾਸੀ ਤੌਰ 'ਤੇ ਹੀ ਨਾ ਜਾਓ। ਹਰ ਸਮੇਂ ਫੋਨ ਜਾਂ ਲੈਪਟਾਪ 'ਚ ਹੀ ਨਾ ਰੁਝੇ ਰਹੋ ਬਲਕਿ ਅਖ਼ਬਾਰ ਪੜ੍ਹਨ ਦੀ ਕੋਸ਼ਿਸ਼ ਕਰੋ। ਜ਼ਿਆਦਾਤਰ ਲੋਕ ਅੱਜ ਦੀ ਤਰੀਕ 'ਚ ਸਾਰੀਆਂ ਖ਼ਬਰਾਂ ਜਾਣਨ ਲਈ ਡਿਜੀਟਲ ਨੈੱਟਵਰਕ 'ਤੇ ਨਿਰਭਰ ਹੁੰਦੇ ਹਨ। ਪਰ ਜੇ ਇਸ ਦੇ ਸਿਰਫ਼ 10 ਫ਼ੀਸਦੀ ਫਿਜੀਕਲ ਮੈਟੀਰੀਅਲ ਨਾਲ ਜੁੜੇ ਰਹਿਣਾ ਰਹੇਗਾ ਤਾਂ ਸਿਹਤ ਲਈ ਜ਼ਿਆਦਾ ਬਿਹਤਰ ਰਹੇਗਾ। ਡਿਜੀਟਲ ਬੁੱਕ ਦੀ ਬਜਾਏ ਅਸਲ ਕਿਤਾਬਾਂ ਪੜ੍ਹੋ। ਇਸ ਨਾਲ ਤੁਹਾਨੂੰ ਇਕ ਅਨੋਖਾ ਅਹਿਸਾਸ ਹੋਵੇਗਾ, ਸਕੂਨ ਮਿਲੇਗਾ। ਬਕਾਇਦਾ ਤੌਰ 'ਤੇ ਅਭਿਆਸ ਕਰੋ। ਰੋਜ਼ਾਨਾ ਸਵੇਰ ਦੀ ਸੈਰ 'ਤੇ ਜਾਓ ਪਰ ਆਪਣਾ ਫੋਨ ਨਾਲ ਨਾ ਲਿਜਾਓ। ਡਿਜੀਟਲ ਲਾਈਫ ਤੋਂ ਦੂਰ ਰਹਿਣ ਲਈ ਆਪਣੇ ਪੱਕੇ ਦੋਸਤਾਂ ਨੂੰ ਲੱਭੋ, ਉਨ੍ਹਾਂ ਨਾਲ ਹਰ ਮਹੀਨੇ-ਦੋ-ਮਹੀਨੇ 'ਚ ਕਿਤੇ ਮਿਲ ਕੇ ਇਨਜੁਆਏ ਕਰਨ ਦੀ ਯੋਜਨਾ ਬਣਾਓ ਅਤੇ ਸਾਰੇ ਪ੍ਰੋਗਰਾਮ, ਸਾਫਟਵੇਅਰ ਜ਼ਰੀਏ ਹੀ ਨਾ ਬਣਾਓ। ਬਿਨਾਂ ਕਿਸੇ ਯੋਜਨਾ ਅਤੇ ਬਿਨਾਂ ਕਿਸੇ ਜਾਣਕਾਰੀ ਦੇ ਕੁਝ ਰੋਮਾਂਚਕ ਪਲ ਵੀ ਤਲਾਸ਼ੋ।

# ਧੀਆਂ ਕਿਉਂ ਜੰਮੀਆਂ ਨੀ ਮਾਏ

ਵਿਦੇਸ਼ੋਂ ਆਏ ਸਾਡੇ ਧੀ-ਜਵਾਈ ਨੇ ਪ੍ਰਭੂ ਵੱਲੋਂ ਦਿੱਤੀ ਪੁੱਤਰੀ ਦੀ ਦਾਤ ਦਾ ਸ਼ੁਕਰਾਨਾ ਕਰਨ ਲਈ ਮੇਰੇ ਪੇਕੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਅਖੰਡ ਪਾਠ ਸਾਹਿਬ ਦਾ ਭੋਗ ਪੁਆਇਆ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਇੰਗਲੈਂਡ ਵਿਚ ਸੀ। ਉਨ੍ਹਾਂ ਸਾਡੇ ਕੋਲ ਆ ਕੇ ਇਹ ਉੱਦਮ ਕੀਤਾ।

ਉਸੇ ਦਿਨ ਕਿਸੇ ਹੋਰ ਸ਼ਰਧਾਲੂ ਨੇ ਆਪਣੇ ਪੁੱਤਰ ਦੇ ਜਨਮ ਦਿਨ 'ਤੇ ਹਰ ਸਾਲ ਵਾਂਗ ਭੋਗ ਪੁਆਇਆ। ਸਮੇਂ ਦੀ ਘਾਟ ਕਾਰਨ ਦੋ ਅਖੰਡ ਪਾਠ ਇਕੱਠੇ ਕੀਤੇ ਗਏ। ਗੁਰੂਘਰ ਦੀ ਮਰਿਆਦਾ ਅਨੁਸਾਰ ਲੰਗਰ ਦਾ ਪ੍ਰਬੰਧ ਦੋਵਾਂ ਪਰਿਵਾਰਾਂ ਵੱਲੋਂ ਸਾਂਝਾ ਕੀਤਾ ਗਿਆ। ਪਹਿਲਾਂ ਸਾਡੇ ਵਾਲੇ ਪਾਠ ਦਾ ਭੋਗ ਪਿਆ। ਗ੍ਰੰਥੀ ਸਿੰਘ ਨੇ ਸੀਮਤ ਜਿਹੇ ਲਫ਼ਜ਼ਾਂ 'ਚ ਅਰਦਾਸ ਕੀਤੀ, ਬੱਚੀ ਅਵਿਨਾਸ਼ ਕੌਰ ਨੂੰ ਲੰਬੀ ਜਿਹੀ ਉਮਰ ਬਖ਼ਸ਼ਣੀ ਜੀ, ਉਸ ਨੂੰ ਮਾਤਾ-ਪਿਤਾ ਦੀ ਆਗਿਆਕਾਰ ਬਣਾਉਣਾ, ਚੜ੍ਹਦੀ ਕਲਾ 'ਚ ਰੱਖਣਾ ਦਾਤਾਰ ਜੀਓ ਆਦਿ। ਉਸ ਤੋਂ ਬਾਅਦ ਦੂਜੇ, ਭਾਵ ਪੁੱਤਰ ਦੇ ਜਨਮ ਦਿਨ ਵਾਲੇ ਪਾਠ ਦਾ ਭੋਗ ਪਾਇਆ ਅਤੇ ਅਰਦਾਸ ਕੀਤੀ, ਦਾਤਾਰ ਪਾਤਸ਼ਾਹ ਜੀਓ, ਸੇਵਕਾਂ ਨੇ ਹਰ ਸਾਲ ਵਾਂਗ ਆਪਣੇ ਪੁੱਤਰ ਦੇ ਜਨਮ ਦਿਨ 'ਤੇ ਪਾਠ ਦਾ ਭੋਗ ਪੁਆਇਆ ਹੈ। ਪੁੱਤਰ ਮਿੱਠੇ ਮੇਵੇ ਹੁੰਦੇ ਹਨ, ਜਗ 'ਤੇ ਪੁੱਤ ਵਰਗੀ ਕੋਈ ਚੀਜ਼ ਨਹੀਂ, ਪੁੱਤਰਾਂ ਬਿਨਾਂ ਵੱਡੇ-ਵੱਡੇ ਮਹਿਲ ਵੀ ਸੁੰਨੇ ਲੱਗਦੇ ਨੇ। ਪੁੱਤਰਾਂ ਦੀ ਮਾਂ ਵਡਭਾਗੀ ਹੁੰਦੀ ਹੈ। ਪੁੱਤ ਰਹਿਤ ਮਾਂ ਦਾ ਕੋਈ ਜੀਣ ਨਹੀਂ ਹੁੰਦਾ। ਪੁੱਤ ਵਰਗਾ ਮਿੱਠਾ ਫ਼ਲ ਕੋਈ ਨਹੀਂ ਹੁੰਦਾ। ਮਹਿੰਗੇ ਤੋਂ ਮਹਿੰਗਾ ਫ਼ਲ ਅਸੀਂ ਧੋ-ਪੂੰਝ ਕੇ ਖਾਂਦੇ ਹਾਂ ਪਰ ਪੁੱਤ ਦਾ ਮਿੱਟੀ-ਘੱਟੇ ਅਤੇ ਲਾਲ੍ਹਾਂ ਨਾਲ ਲਿੱਬੜਿਆ ਮੂੰਹ ਵੀ ਮਾਪੇ ਚੁੰਮਦੇ ਨਹੀਂ ਥੱਕਦੇ। ਪੁੱਤਰ ਦੀ ਮਾਂ ਦੀ ਉਸਤਤ 'ਚ ਉਸ ਨੇ ਕੁਝ ਸ਼ੇਅਰ ਵੀ ਬੋਲੇ। ਮੈਂ ਉਸ ਦੀਆਂ ਗੱਲਾਂ ਸੁਣ ਕੇ ਸੋਚਾਂ ਵਿਚ ਪੈ ਗਈ। ਮੇਰੇ ਵਿਛੜੇ ਪੁੱਤਰ ਦੀ ਨਿੱਕੀ ਜਿਹੀ ਧੀ ਅਤੇ ਪੁੱਤਰ ਜਦੋਂ ਸਕੂਲੋਂ ਆਉਂਦੇ ਨੇ ਤਾਂ ਮੈਂ ਉਨ੍ਹਾਂ ਦੇ ਹੱਥੋਂ ਬੈਗ ਅਤੇ ਪਾਣੀ ਦੀਆਂ ਬੋਤਲਾਂ ਫੜ ਕੇ ਉਨ੍ਹਾਂ ਦੇ ਮੱਥੇ ਚੁੰਮਦੀ ਹੋਈ ਉਨ੍ਹਾਂ ਨੂੰ ਗਲ਼ ਲਾਉਂਦੀ ਹਾਂ, ਬਿਨਾਂ ਧੀ-ਪੁੱਤ ਦੇ ਫ਼ਰਕ ਤੋਂ। ਇਹ ਭਾਈ ਕਿਹੋ ਜਿਹੀਆਂ ਗੱਲਾਂ ਕਰ ਰਿਹਾ ਹੈ ? ਮੈਨੂੰ ਉਸ ਭਾਈ 'ਤੇ ਬਹੁਤ ਗੁੱਸਾ ਆ ਰਿਹਾ ਸੀ।

ਅਸੀਂ ਸਾਰੇ ਸੋਚ ਰਹੇ ਸਾਂ ਕਿ ਸ਼ਾਇਦ ਇਹ 'ਗੁਣੀ-ਗਿਆਨੀ' ਬਾਅਦ 'ਚ ਧੀ ਅਤੇ ਉਸ ਦੀ ਮਾਂ ਨੂੰ ਵੀ ਸੋਹਣੇ ਲਫ਼ਜ਼ਾਂ ਨਾਲ ਨਿਵਾਜੇਗਾ ਅਤੇ ਗੁਰਬਾਣੀ ਦਾ ਹਵਾਲਾ ਦੇਂਦਿਆਂ ਆਖਿਆ ਜਾਵੇਗਾ, ਸੋ ਕਿਉ ਮੰਦਾ ਆਖੀਐ ਜਿਤੁ ਜੰਮਿਹੁ ਰਾਜਾਨ ਪਰ ਕੁਰਬਾਨ ਜਾਈਏ ਉਸ 'ਗਿਆਨੀ' ਦੇ ਜਿਸ ਦੇ ਮਨ 'ਚ ਧੀ ਅਤੇ ਪੁੱਤਰ ਬਾਰੇ ਐਨਾ ਫ਼ਰਕ ਸੀ। ਉਸ ਨੂੰ ਪਰਮੇਸ਼ਵਰ ਦਾ ਵੀ ਭੈਅ ਨਹੀਂ ਸੀ। ਉਸ ਦੇ ਮਨ 'ਚ ਇਹ ਖ਼ਿਆਲ ਵੀ ਨਹੀਂ ਆਇਆ ਕਿ ਬੱਚੀ ਦੇ ਜਨਮ ਦੀ ਖ਼ੁਸ਼ੀ ਵਿਚ ਪਾਠ ਕਰਾਉਣ ਆਏ ਗੁਰਸਿੱਖ ਮਾਂ-ਬਾਪ ਵਿਦੇਸ਼ ਵਿਚ ਰਹਿ ਕੇ ਵੀ ਆਪਣੇ ਧਰਮ, ਆਪਣੇ ਵਿਰਸੇ ਨਾਲ ਜੁੜੇ ਹੋਏ ਨੇ, ਉਹ ਕੀ ਸੋਚਣਗੇ ? ਉਸ ਨੇ ਸਾਡੇ ਪਰਿਵਾਰਕ ਮੈਂਬਰਾਂ ਦੀ ਵੀ ਕੋਈ ਸ਼ਰਮ ਨਾ ਕੀਤੀ। ਅਸੀਂ ਉਸ 'ਗਿਆਨੀ' ਵਿਦਵਾਨ ਦੀ ਸੋਚ ਸਾਹਮਣੇ ਨਿਮੋਝੂਣੇ ਹੋਏ ਬੈਠੇ ਸਾਂ। ਬੱਚੀ ਅਵਿਨਾਸ਼ ਨੂੰ ਉਸ ਦੀ ਮਾਮੀ ਰਵੀ ਗੋਦ 'ਚ ਲਈ ਬੈਠੀ ਸੀ ਅਤੇ ਹਰਖੇ ਹੋਏ ਮਨ ਨਾਲ ਮੈਨੂੰ ਕਹਿ ਰਹੀ ਸੀ, ਮੰਮੀ ! ਤੁਸੀਂ ਇਸ ਭਾਈ ਨੂੰ ਕਹੋ ਕਿ ਸਾਨੂੰ ਇਹ ਬੱਚੀ ਆਪਣੀ ਦੋਹਤੀ, ਪੁੱਤਾਂ ਤੋਂ ਵੀ ਪਿਆਰੀ ਹੇ। ਸਾਰੇ ਪਰਿਵਾਰ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਉਸ ਮੌਕੇ ਉਸ 'ਗੁਣੀ-ਗਿਆਨੀ' ਨੂੰ ਕੁਝ ਵੀ ਕਹਿਣਾ ਚੰਗਾ ਨਾ ਸਮਝਿਆ ਜੋ ਕਿ ਉਸ ਗੁਰਦਆਰਾ ਸਾਹਿਬ ਦਾ ਹੈੱਡ ਗ੍ਰੰਥੀ ਸੀ। ਠੀਕ ਹੈ ਪੁੱਤਰ ਦੇ ਮਾਪੇ ਵਡਭਾਗੇ ਹਨ। ਉਨ੍ਹਾਂ ਬਾਰੇ ਕੀ ਕਹੋਗੇ ਜੋ ਆਪਣੀ ਧੀ ਨੂੰ ਪੁੱਤਰ ਬਰਾਬਰ ਸਮਝ ਕੇ ਪਰਦੇਸੋਂ ਆ ਕੇ ਆਪਣੀ ਮਾਤ ਭੂਮੀ, ਨਾਨਕੇ-ਦਾਦਕੇ ਜਾ ਕੇ ਪਰਮਾਤਮਾ ਦਾ ਇਸ ਵਡਮੁੱਲੀ ਦਾਤ ਲਈ ਸ਼ੁਕਰਾਨਾ ਕਰ ਰਹੇ ਨੇ ?



ਸਾਰਾ ਪਰਿਵਾਰ ਉਸ ਬੱਚੀ ਨੂੰ ਫੁੱਲਾਂ ਵਾਂਗ ਚੁੱਕੀ ਫਿਰ ਰਿਹਾ ਸੀ ਪਰ ਉਸ ਬੰਦੇ ਨੇ ਪੁੱਤਰਾਂ ਵਾਲਿਆਂ ਨੂੰ ਹੀਰੋ ਅਤੇ ਸਾਨੂੰ ਧੀ ਵਾਲਿਆਂ ਨੂੰ ਜ਼ੀਰੋ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਸੀ। ਮੈਨੂੰ ਇੰਜ ਜਾਪਿਆ ਜਿਵੇਂ ਸਾਡੀ ਫੁੱਲਾਂ ਵਰਗੀ ਦੋਹਤੀ ਦੇ ਆਲੇ-ਦੁਆਲੇ ਕੰਡਿਆਲੀ ਥੋਹਰ ਉੱਗ ਪਈ ਹੋਵੇ। ਅਸੀਂ ਬੜੇ ਚਾਅ ਅਤੇ ਸ਼ਰਧਾ ਨਾਲ ਆਪਣੇ ਧੀ-ਜਵਾਈ ਤੇ ਨਿੱਕੀ ਬੱਚੀ ਨੂੰ ਪਾਠ ਦੇ ਭੋਗ 'ਤੇ ਲੈ ਕੇ ਗਏ ਸਾਂ ਪਰ ਉਸ ਬੰਦੇ ਦੀਆਂ ਗੱਲਾਂ ਨੇ ਸਾਡੇ ਮਨ ਨੂੰ ਬਹੁਤ ਠੇਸ ਪਹੁੰਚਾਈ। ਸਾਡੇ ਬੱਚਿਆਂ ਨੇ ਜਿਸ ਗੁਰੂਘਰ 'ਚ ਵੀ ਸ਼ੁਕਰਾਨਾ ਕੀਤਾ, ਬੱਚੀ ਨੂੰ ਪੁੱਤਾਂ ਵਾਂਗ ਹੀ ਪਿਆਰ-ਸਤਿਕਾਰ ਮਿਲਿਆ ਪਰ ਉਕਤ ਕੌੜੀ ਯਾਦ ਸਾਨੂੰ ਕਦੇ ਨਹੀਂ ਭੁੱਲਣੀ। ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਅਜਿਹਾ ਬੋਲਣ ਵਾਲੇ ਨੂੰ ਟੋਕਿਆ ਜਾਵੇ ਜਾਂ ਪੂਰੀ ਤਰ੍ਹਾਂ ਤਸੱਲੀ ਕਰਨ ਤੋਂ ਬਾਅਦ ਹੀ ਅਜਿਹੀ ਮਹੱਤਵਪੂਰਨ ਜ਼ਿੰਮੇਵਾਰੀ ਕਿਸੇ ਨੂੰ ਸੌਂਪੀ ਜਾਵੇ। ਅਜਿਹੇ ਗਿਆਨੀ ਨਾ ਰੱਖੇ ਜਾਣ ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਵੀ ਉਸ ਦੀ ਮਰਿਆਦਾ, ਉਸ ਦੀਆਂ ਸਿੱਖਿਆਵਾਂ ਤੋਂ ਬਾਹਰ ਚੱਲਣ ਅਤੇ ਸੰਗਤ ਨੂੰ ਗੁਮਰਾਹ ਕਰਨ। ਲੰਗਰ ਛਕਦਿਆਂ ਬੱਚੀ ਮੇਰੀ ਗੋਦ 'ਚ ਬੈਠੀ ਸੀ। ਉਹ ਸੁਭਾਵਿਕ ਮੇਰੇ ਵੱਲ ਦੇਖ ਰਹੀ ਸੀ ਪਰ ਮੇਰੀਆਂ ਨਜ਼ਰਾਂ ਉਸ ਨਾਲ ਮਿਲਣੋਂ ਝਿਜਕ ਰਹੀਆਂ ਸਨ। ਮੈਨੂੰ ਜਾਪਿਆ ਜਿਵੇਂ ਮੇਰੀ ਦੋਹਤੀ ਅਵਿਨਾਸ਼ ਮੈਨੂੰ ਸਵਾਲ ਕਰ ਰਹੀ ਸੀ, ਧੀਆਂ ਕਿਉਂ ਜੰਮੀਆਂ ਨੀ ਮਾਏ। ਕਿਉਂਕਿ ਮੈਂ ਉਸ ਦੀ ਮਾਂ ਨੂੰ ਜਨਮ ਦਿੱਤਾ ਸੀ। ਕਦੋਂ ਬਦਲੇਗੀ ਸਾਡੀ ਇਹ ਸੋਚ ਜੋ ਅਤਿ ਨੀਵੀਂ ਹੈ, ਦਿਲ-ਦੁਖਾਊ ਹੈ ਅਤੇ ਪਿਛਾਂਹ-ਖਿੱਚੂ ਵੀ ਹੈ।

# ਮਿਹਨਤ ਦਾ ਰਾਹ

ਇਕ ਪਿੰਡ ਵਿਚ ਸੁਰਜੀਤ ਸਿੰਘ ਨਾਂਅ ਦਾ ਇਕ ਮਿਹਨਤੀ ਅਤੇ ਇਮਾਨਦਾਰ ਵਿਅਕਤੀ ਰਹਿੰਦਾ ਸੀ। ਉਸ ਕੋਲ ਥੋੜ੍ਹੀ ਜ਼ਮੀਨ ਅਤੇ ਇਕ ਆਟਾ-ਚੱਕੀ ਸੀ, ਜਿਸ 'ਤੇ ਕੰਮ ਕਰਕੇ ਉਹ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਸੀ। ਸੁਰਜੀਤ ਸਿੰਘ ਦੇ ਦੋ ਪੁੱਤਰ ਸਨ-ਭੋਲਾ ਅਤੇ ਜੀਤਾ। ਭੋਲਾ ਆਪਣੇ ਪਿਤਾ ਵਾਂਗ ਮਿਹਨਤੀ ਅਤੇ ਇਮਾਨਦਾਰ ਸੀ। ਉਹ ਆਪਣੇ ਪਿਤਾ ਨਾਲ ਆਟਾ-ਚੱਕੀ 'ਤੇ ਕੰਮ ਕਰਵਾਇਆ ਕਰਦਾ ਸੀ, ਜਦਕਿ ਜੀਤਾ ਬਹੁਤ ਚਲਾਕ ਅਤੇ ਲਾਲਚੀ ਵਿਅਕਤੀ ਸੀ। ਉਹ ਜਲਦੀ ਅਮੀਰ ਹੋਣਾ ਚਾਹੁੰਦਾ ਸੀ। ਇਸ ਲਈ ਆਪਣੇ ਪਿਤਾ ਨੂੰ ਵੀ ਲਾਟਰੀ ਟਿਕਟ ਖਰੀਦ ਕੇ ਕਿਸਮਤ ਅਜ਼ਮਾਉਣ ਲਈ ਕਿਹਾ ਕਰਦਾ ਸੀ ਪਰ ਉਸ ਦਾ ਪਿਤਾ ਸੁਰਜੀਤ ਹਮੇਸ਼ਾ ਉਸ ਨੂੰ ਮਿਹਨਤ ਦਾ ਰਾਹ ਅਪਣਾਉਣ ਲਈ ਕਿਹਾ ਕਰਦਾ ਸੀ ਕਿ, 'ਮਿਹਨਤ ਦੀ ਕਮਾਈ ਤੋਂ ਮਿਲਣ ਵਾਲੇ ਫਲ ਦਾ ਅਨੰਦ ਬਹੁਤ ਸੁਖਦਾਈ ਅਤੇ ਚਿਰਾਂ ਤੱਕ ਰਹਿਣ ਵਾਲਾ ਹੁੰਦਾ ਹੈ।' ਪਰ ਜੀਤੇ 'ਤੇ ਆਪਣੇ ਪਿਤਾ ਦੀਆਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਹੁੰਦਾ। ਥੋੜ੍ਹੇ ਦਿਨਾਂ ਬਾਅਦ ਹੀ ਜੀਤੇ ਨੇ ਆਪਣੇ ਹਿੱਸੇ ਖਾਤਰ ਬਟਵਾਰੇ ਲਈ ਘਰ ਵਿਚ ਲੜਾਈ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਆਪਣੇ ਹਿੱਸੇ ਦਾ ਮਕਾਨ ਲੈਣ ਦੇ ਨਾਲ-ਨਾਲ ਚਲਾਕੀ ਨਾਲ ਆਟਾ-ਚੱਕੀ ਵੀ ਆਪਣੇ ਨਾਂਅ ਕਰਵਾ ਲਈ। ਹੁਣ ਭੋਲੇ ਅਤੇ ਉਸ ਦੇ ਪਿਤਾ ਕੋਲ ਕੇਵਲ ਥੋੜ੍ਹੀ ਜ਼ਮੀਨ ਹੀ ਰਹਿ ਗਈ ਸੀ, ਜਿਸ 'ਤੇ ਖੇਤੀ ਕਰਕੇ ਉਹ ਆਪਣਾ ਜੀਵਨ ਨਿਰਵਾਹ ਨਹੀਂ ਸੀ ਕਰ ਸਕਦੇ ਪਰ ਉਨ੍ਹਾਂ ਨੇ ਮਿਹਨਤ ਦਾ ਰਾਹ ਨਹੀਂ ਛੱਡਿਆ। ਸੁਰਜੀਤ ਨੇ ਘਰ ਦੀ ਜ਼ਮੀਨ 'ਤੇ ਖੇਤੀ ਕਰਨ ਦਾ ਫੈਸਲਾ ਕੀਤਾ, ਜਦਕਿ ਉਸ ਦੇ ਪੁੱਤਰ ਭੋਲੇ ਨੇ ਸ਼ਹਿਰ ਜਾ ਕੇ ਇਕ ਸੇਠ ਦੀ ਆਟਾ-ਚੱਕੀ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭੋਲਾ ਬਹੁਤ ਮਿਹਨਤੀ ਅਤੇ ਇਮਾਨਦਾਰ ਸੀ। ਇਸ ਦੇ ਨਾਲ-ਨਾਲ ਉਸ ਨੂੰ ਆਟਾ-ਚੱਕੀ ਦੇ ਹਰੇਕ ਪੁਰਜੇ ਦਾ ਭਲੀਭਾਂਤ ਗਿਆਨ ਸੀ। ਸੇਠ ਨੇ ਭੋਲੇ ਦੀ ਮਿਹਨਤ ਅਤੇ ਕੰਮ ਕਰਨ ਦੀ ਭਾਵਨਾ ਨੂੰ ਦੇਖਦੇ ਹੋਏ ਉਸ ਦੀ ਮਜ਼ਦੂਰੀ ਦੁੱਗਣੀ ਕਰ ਦਿੱਤੀ। ਹੁਣ ਸੁਰਜੀਤ ਤੇ ਉਸ ਦਾ ਪੁੱਤਰ ਭੋਲਾ ਦੋਵੇਂ ਇਕ ਵਧੀਆ ਜ਼ਿੰਦਗੀ ਜਿਊਣ ਲੱਗੇ। ਦੂਜੇ ਪਾਸੇ ਜੀਤੇ ਲਈ ਹਿੱਸੇ ਆਈ ਆਟਾ-ਚੱਕੀ ਚਲਾਉਣੀ ਔਖੀ ਹੋ ਗਈ ਸੀ, ਕਿਉਂਕਿ ਉਸ ਨੂੰ ਆਟਾ-ਚੱਕੀ ਦੇ ਪੁਰਜ਼ਿਆਂ ਬਾਰੇ ਕੋਈ ਵੀ ਜਾਣਕਾਰੀ ਨਹੀਂ ਸੀ। ਉਸ ਨੇ ਆਪਣੇ ਪਿਤਾ ਨਾਲ ਕਦੇ ਆਟਾ-ਚੱਕੀ 'ਤੇ ਕੰਮ ਨਹੀਂ ਸੀ ਕਰਵਾਇਆ, ਜਿਸ ਕਾਰਨ ਆਟਾ-ਚੱਕੀ ਹੁਣ ਵਿਕਣ 'ਤੇ ਆ ਗਈ ਸੀ। ਜੀਤੇ ਕੋਲ ਜੋ ਥੋੜ੍ਹੇ ਪੈਸੇ ਬਚੇ ਸਨ, ਉਹ ਉਸ ਨੇ ਲਾਟਰੀਆਂ ਪਾ-ਪਾ ਕੇ ਖਤਮ ਕਰ ਦਿੱਤੇ ਸਨ। ਹੁਣ ਜੀਤੇ ਕੋਲ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਸੀ ਰਹਿ ਗਿਆ। ਉਹ ਆਪਣੇ ਲਾਲਚੀ ਅਤੇ ਧੋਖੇ ਵਾਲੇ ਵਤੀਰੇ ਤੋਂ ਬਹੁਤ ਦੁਖੀ ਹੋਇਆ ਅਤੇ ਆਪਣੇ-ਆਪ ਨੂੰ ਕੋਸਣ ਲੱਗਾ ਕਿ 'ਜੇਕਰ ਉਸ ਨੇ ਆਪਣੇ ਪਿਤਾ ਨਾਲ ਮਿਲ ਕੇ ਮਿਹਨਤ ਦਾ ਰਾਹ ਫੜਿਆ ਹੁੰਦਾ ਅਤੇ ਆਟਾ-ਚੱਕੀ 'ਤੇ ਕੰਮ ਕੀਤਾ ਹੁੰਦਾ ਤਾਂ ਅੱਜ ਆਹ ਦਿਨ ਨਾ ਦੇਖਣੇ ਪੈਂਦੇ।' ਜੀਤੇ ਨੇ ਆਪਣੀ ਭੁੱਲ ਬਖਸ਼ਾਉਣ ਲਈ ਆਪਣੇ ਪਿਤਾ ਅਤੇ ਭਰਾ ਕੋਲ ਜਾ ਕੇ ਮੁਆਫ਼ੀ ਮੰਗੀ ਅਤੇ ਮਿਲ ਕੇ ਦੁਬਾਰਾ ਆਟਾ-ਚੱਕੀ ਚਲਾਉਣ ਲਈ ਬੇਨਤੀ ਕਰਦਿਆਂ ਮਿਹਨਤ ਦਾ ਰਾਹ ਅਪਣਾਉਣ ਦਾ ਵਾਅਦਾ ਕੀਤਾ।


# ਦੋਸਤੀ

ਤਿੰਨ ਦਿਨਾਂ ਬਾਅਦ ਹੋਲੀ ਦਾ ਤਿਉਹਾਰ ਹੈ। ਪਿਛਲੇ ਸਾਲ ਹੋਲੀ 'ਤੇ ਨੀਰਜ ਨੂੰ ਉਸਦੇ ਦੋਸਤਾਂ ਨੇ ਜ਼ਬਰਦਸਤੀ ਰੰਗ ਲਗਾਇਆ ਸੀ। ਕੁਝ ਰੰਗ ਨੀਰਜ ਦੇ ਮੂੰਹ ਵਿਚ ਵੀ ਚਲਾ ਗਿਆ ਸੀ। ਨੀਰਜ ਨੂੰ ਹੋਲੀ ਖੇਡਣਾ ਪਸੰਦ ਨਹੀਂ ਸੀ। ਉਸਨੇ ਗੁੱਸੇ ਵਿਚ ਉਸ ਸਮੇਂ ਆਪਣੇ ਦੋਸਤਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ, ਯਾਦ ਰੱਖਣਾ ਇਸਦਾ ਬਦਲਾ ਅਗਲੇ ਸਾਲ ਲਿਆ ਜਾਵੇਗਾ। ਉਸਦੇ ਦੋਸਤ ਤਾਂ ਉਸਦੀ ਉਹ ਗੱਲ ਭੁੱਲ ਗਏ ਸਨ, ਪਰ ਨੀਰਜ ਨੇ ਇਸ ਵਾਰ ਦੀ ਹੋਲੀ 'ਤੇ ਪਹਿਲਾਂ ਦੀ ਤਰ੍ਹਾਂ ਆਪ ਤਾਂ ਹੋਲੀ ਖੇਡਣੀ ਨਹੀਂ ਸੀ, ਪਰ ਉਹ ਆਪਣੇ ਦੋਸਤਾਂ ਨੂੰ ਇਸ ਹੋਲੀ 'ਤੇ ਕੋਈ ਸਬਕ ਸਿਖਾਉਣ ਦੀ ਯੋਜਨਾ ਬਣਾ ਚੁੱਕਾ ਸੀ। ਉਸਦੇ ਦੋਸਤ ਰਿੰਕੂ, ਹੈਰੀ, ਗਗਨ, ਪਾਰਸ ਹੋਲੀ ਮਨਾਉਣ ਲਈ ਗਲੀ ਵਿਚ ਇਕੱਠੇ ਹੋ ਚੁੱਕੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਨੀਰਜ ਨੂੰ ਬੁਲਾਉਣਾ ਬੇਕਾਰ ਹੈ। ਅੱਜ ਤਾਂ ਉਸਨੇ ਮੋਬਾਈਲ ਵੀ ਨਹੀਂ ਚੁੱਕਣਾ। ਉਹ ਆਪਣੇ ਕਮਰੇ ਵਿਚ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਹੋਣਾ। ਫਿਰ ਸਾਰੇ ਦੋਸਤ ਹੋਲੀ ਮਨਾਉਣ ਲੱਗ ਪਏ। ਰਿੰਕੂ ਨੇ ਆਪਣੀ ਨਵੀਂ ਲਿਆਂਦੀ ਪਿਚਕਾਰੀ ਨਾਲ ਤਿੰਨਾਂ ਦੋਸਤਾਂ ਦੀਆਂ ਪੁਸ਼ਾਕਾਂ ਨੂੰ ਜਿਵੇਂ ਹੀ ਸਫ਼ੈਦ ਤੋਂ ਲਾਲ ਕੀਤਾ ਤਾਂ ਤਿੰਨਾਂ ਨੇ ਵੀ ਉਸ ਨੂੰ ਖ਼ੂਬ ਗੁਲਾਲ ਲਗਾਇਆ। ਕਾਸ਼! ਨੀਰਜ ਵੀ ਹੋਲੀ ਖੇਡਦਾ ਤਾਂ ਹੋਰ ਮਜ਼ਾ ਆਉਂਦਾ। ਪਾਰਸ ਨੇ ਆਪਣੀ ਜੇਬ ਵਿਚੋਂ ਗੁਲਾਲ ਦੀ ਮੁੱਠੀ ਭਰਦਿਆਂ ਕਿਹਾ।

ਉਹ ਤਾਂ ਡਰਪੋਕ ਹੈ। ਉਸਨੂੰ ਤਾਂ ਹੋਲੀ ਦੇ ਰੰਗ ਤੋਂ ਹੀ ਚਿੜ ਹੈ। ਗਗਨ ਨੇ ਆਪਣੇ ਮੂੰਹ 'ਤੇ ਲੱਗਿਆ ਗੁਲਾਲ ਝਾੜਦਿਆਂ ਕਿਹਾ।

ਤਦੇ ਉਨ੍ਹਾਂ ਨੇ ਦੇਖਿਆ ਕਿ ਨੀਰਜ ਉਨ੍ਹਾਂ ਵੱਲ ਹੀ ਆ ਰਿਹਾ ਹੈ। ਸਭ ਨੂੰ ਇਹ ਵੇਖ ਕੇ ਹੈਰਾਨੀ ਹੋਈ। ਨੀਰਜ ਨੇ ਉਨ੍ਹਾਂ ਤੋਂ ਥੋੜ੍ਹੀ ਦੂਰ ਖਲ੍ਹੋ ਕੇ ਆਖਿਆ, ਦੇਖੋ ਬਈ, ਮੈਨੂੰ ਪਿਛਲੀ ਹੋਲੀ ਵਾਂਗ ਰੰਗ ਲਗਾਉਣ ਦੀ ਕੋਸ਼ਿਸ਼ ਨਾ ਕਰਨਾ। ਮੈਂ ਤਾਂ ਤੁਹਾਨੂੰ ਆਪਣੇ ਘਰ ਬੁਲਾਉਣ ਆਇਆ ਹਾਂ। ਮੇਰੇ ਮੰਮੀ ਨੇ ਤੁਹਾਡੇ ਸਭ ਲਈ ਹੋਲੀ ਦੇ ਮੌਕੇ ਵਧੀਆ ਪਕਵਾਨ ਬਣਾਏ ਹਨ। ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਤੁਹਾਨੂੰ ਸੱਦਾ ਦੇਣ ਆਇਆ ਹਾਂ।

ਨੀਰਜ ਦੀ ਗੱਲ ਸੁਣ ਕੇ ਉਸਦੇ ਦੋਸਤਾਂ ਦੇ ਮੂੰਹ ਵਿਚ ਪਾਣੀ ਆ ਗਿਆ। ਉਂਜ ਵੀ ਉਨ੍ਹਾਂ ਦਾ ਕੁਝ ਖਾਣ ਨੂੰ ਮਨ ਸੀ। ਉਹ ਸਭ ਨੀਰਜ ਦੇ ਨਾਲ ਉਸ ਦੇ ਘਰ ਚੱਲ ਪਏ। ਨੀਰਜ ਨੇ ਉਨ੍ਹਾਂ ਨੂੰ ਵਿਹੜੇ ਵਿਚ ਇਕ ਜਗ੍ਹਾ 'ਤੇ ਬਿਠਾਇਆ ਤੇ ਕਿਹਾ, ਇੱਥੇ ਹੀ ਬੈਠਣਾ, ਮੈਂ ਸਭ ਲਈ ਮੰਮੀ ਦੇ ਹੱਥ ਦੇ ਬਣਾਏ ਪਕਵਾਨ ਲੈ ਕੇ ਆਉਂਦਾ ਹਾਂਗੁਜੀਆ ਤਾਂ ਬਹੁਤ ਸਵਾਦ ਬਣੀ ਹੈ।

ਵਾਹ ਗੁਜੀਆਹੋਰ ਕੀ ਕੀ ਹੈ ? ਗਗਨ ਨੇ ਉਤਸੁਕਤਾ ਨਾਲ ਪੁੱਛਿਆ।

ਪਰ ਨੀਰਜ ਹੱਥ ਨਾਲ ਸਬਰ ਰੱਖਣ ਦਾ ਇਸ਼ਾਰਾ ਕਰਕੇ ਅੰਦਰ ਚਲਾ ਗਿਆ। ਚਾਰੋਂ ਦੋਸਤ ਆਪਸ ਵਿਚ ਗੱਲਾਂ ਕਰ ਹੀ ਰਹੇ ਸਨ ਕਿ ਸਭ ਨੂੰ ਜਿਵੇਂ ਭਾਜੜਾਂ ਪੈ ਗਈਆਂ। ਇਕ ਪਲ ਤਾਂ ਉਨ੍ਹਾਂ ਨੂੰ ਲੱਗਿਆ ਜਿਵੇਂ ਉਹ ਕਿਸੇ ਤੇਜ਼ ਵਗਦੇ ਝਰਨੇ ਹੇਠਾਂ ਨਹਾ ਰਹੇ ਹੋਣ। ਨੀਰਜ ਦੀ ਇਹ ਚਾਲ ਸੀ। ਉਸਨੇ ਪਕਵਾਨ ਦੇ ਲਾਲਚ ਵਿਚ ਆਪਣੇ ਦੋਸਤਾਂ ਨੂੰ ਆਪਣੀ ਮਿੱਥੀ ਜਗ੍ਹਾ 'ਤੇ ਲਿਆ ਕੇ ਬਿਠਾ ਦਿੱਤਾ ਸੀ। ਉਸਨੇ ਪਹਿਲਾਂ ਹੀ ਉਸ ਜਗ੍ਹਾ ਦੇ ਠੀਕ ਉੱਪਰ ਇਕ ਕਾਲੇ ਘੋਲ ਵਾਲੀ ਬਾਲਟੀ ਭਰ ਕੇ ਰੱਖੀ ਸੀ। ਮੌਕਾ ਵੇਖਦੇ ਹੀ ਉਸਨੇ ਆਪਣੀ ਯੋਜਨਾ ਨੂੰ ਅੰਜਾਮ ਦੇ ਦਿੱਤਾ।

ਉਸਦੇ ਦੋਸਤਾਂ ਨੇ ਦੇਖਿਆ ਤਾਂ ਇਕ ਪਲ ਲਈ ਹੋਰ ਵੀ ਘਬਰਾ ਗਏ। ਸਭ ਦੇ ਚਿਹਰੇ ਕਾਲੇ ਕਲੂਟੇ ਹੋ ਗਏ ਸਨ। ਉਨ੍ਹਾਂ ਨੇ ਉਤਾਂਹ ਨਜ਼ਰ ਮਾਰੀ ਤਾਂ ਕੋਠੇ ਖੜ੍ਹਾ ਨੀਰਜ ਹੱਸ ਹੱਸ ਕੇ ਲੋਟਪੋਟ ਹੋ ਰਿਹਾ ਸੀ ਤੇ ਕਹਿ ਰਿਹਾ ਸੀ,ਕੁਝ ਯਾਦ ਆਇਆਪਿਛਲੀ ਹੋਲੀ 'ਤੇ ਤੁਸੀਂ ਮੈਨੂੰ ਜ਼ਬਰਦਸਤੀ ਰੰਗ ਲਗਾਇਆ ਸੀਇਸ ਹੋਲੀ 'ਤੇ ਮੈਂ ਆਪਣਾ ਬਦਲਾ ਲੈ ਲਿਆਹਾ ਹਾ ਹਾ।

ਹੁਣ ਤਕ ਇਹ ਸ਼ੋਰ ਸੁਣ ਕੇ ਨੀਰਜ ਦੇ ਮੰਮੀ ਪਾਪਾ ਵੀ ਬਾਹਰ ਆ ਗਏ ਸਨ। ਉਨ੍ਹਾਂ ਨੂੰ ਸਾਰਾ ਮਾਜਰਾ ਸਮਝ ਆਇਆ ਤਾਂ ਨੀਰਜ ਦੇ ਪਾਪਾ ਨੇ ਨੀਰਜ ਨੂੰ ਹੇਠਾਂ ਬੁਲਾਇਆ ਤੇ ਫਿਰ ਥੋੜ੍ਹਾ ਗੁੱਸਾ ਵਿਖਾਉਂਦੇ ਹੋਏ ਬੋਲੇ, ਨੀਰਜ, ਮੈਂ ਇਹ ਕੀ ਸੁਣ ਰਿਹਾ ਹਾਂ। ਹੋਲੀ 'ਤੇ ਬਦਲਾ। ਬੇਟਾ ਹੋਲੀ ਬਦਲੇ ਦੀ ਭਾਵਨਾ ਨਾਲ ਨਹੀਂ ਖੇਡੀ ਜਾਂਦੀ। ਇਹ ਤਾਂ ਆਪਸੀ ਪ੍ਰੇਮ ਤੇ ਖ਼ੁਸ਼ੀਆਂ ਦਾ ਤਿਉਹਾਰ ਹੈ ਨਾ ਕਿ ਕਿਸੇ ਨੂੰ ਧੋਖੇ ਨਾਲ ਘਰ ਬੁਲਾ ਕੇ ਸ਼ਰਮਿੰਦਾ ਕਰਨ ਦਾ। ਫਿਰ ਹੋਲੀ 'ਤੇ ਸਾਫ਼ ਸੁਥਰੇ ਰੰਗ ਲਗਾਉਣੇ ਚਾਹੀਦੇ ਹਨ ਨਾ ਕਿ ਕੈਮੀਕਲ ਵਾਲੇ ਘੋਲ ਨਾਲ ਦੋਸਤਾਂ ਨੂੰ ਨੁਕਸਾਨ ਪਹੁੰਚਾਉਣਾ। ਇਹ ਹਾਨੀਕਾਰਕ ਘੋਲ ਹੈ। ਅੱਖਾਂ ਨੂੰ ਨੁਕਸਾਨ ਵੀ ਕਰ ਸਕਦਾ ਹੈ। ਮੈਨੂੰ ਤੇਰੀ ਇਹ ਹਰਕਤ ਬਿਲਕੁਲ ਵੀ ਚੰਗੀ ਨਹੀਂ ਲੱਗੀ।

ਮੈਨੂੰ ਮੁਆਫ਼ ਕਰ ਦਿਓ ਪਾਪਾ। ਨੀਰਜ ਨੇ ਸਿਰ ਝੁਕਾਉਂਦੇ ਹੋਏ ਕਿਹਾ।

ਅੰਕਲ ਇਸ ਨੂੰ ਮੁਆਫ਼ ਕਰ ਦਿਓ। ਸਾਨੂੰ ਇਸ ਨਾਲ ਕੋਈ ਗਿਲਾ ਨਹੀਂ। ਇਹ ਸਾਡਾ ਪਿਆਰਾ ਦੋਸਤ ਹੈ। ਰਿੰਕੂ ਨੇ ਨੀਰਜ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ।

ਵੇਖਿਆ ਇਹ ਹੁੰਦੀ ਹੈ ਦੋਸਤੀ। ਦੋਸਤੀ ਵਿਚ ਬਦਲੇ ਤੇ ਨੀਵਾਂ ਵਿਖਾਉਣ ਦੀ ਕੋਈ ਜਗ੍ਹਾ ਨਹੀਂ ਹੁੰਦੀ। ਚੱਲ ਹੁਣ ਇਨ੍ਹਾਂ ਦੇ ਚਿਹਰੇ ਧੁਆ। ਪਾਪਾ ਨੇ ਕਿਹਾ।

ਚਿਹਰੇ ਹੀ ਨਹੀਂ ਧੁਆਣੇ ਇਨ੍ਹਾਂ ਨੂੰ ਪਿਆਰ ਤੇ ਆਦਰ ਨਾਲ ਅੰਦਰ ਲੈ ਕੇ ਆ। ਮੈਂ ਇਨ੍ਹਾਂ ਨੂੰ ਆਪਣੇ ਹੱਥੀਂ ਬਣਾਏ ਹੋਲੀ ਦੇ ਪਕਵਾਨ ਖੁਆਵਾਂਗੀ। ਨੀਰਜ ਦੇ ਮੰਮੀ ਨੇ ਮੁਸਕਰਾ ਕੇ ਸਭ ਦੋਸਤਾਂ ਨੂੰ ਕਿਹਾ। ਫਿਰ ਸਾਰਿਆਂ ਨੇ ਨੀਰਜ ਦੇ ਘਰ ਦੇ ਵਿਹੜੇ ਵਿਚ ਲੱਗੀ ਟੂਟੀ ਚਲਾ ਕੇ ਆਪੋ ਆਪਣੇ ਮੂੰਹ ਧੋਤੇ ਤੇ ਨੀਰਜ ਦੀ ਮੰਮੀ ਦੇ ਬਣਾਏ ਪਕਵਾਨ ਖਾਧੇ।

# ਸਰੀ 'ਚ ਫ਼ਿਰੌਤੀ ਮਾਮਲਿਆਂ 'ਚ 2200% ਤੋਂ ਵੱਧ ਦਾ ਵਾਧਾ, ਪੰਜਾਬੀ ਭਾਈਚਾਰੇ 'ਚ ਦਹਿਸ਼ਤ ਦਾ ਮਾਹੌਲ

ਸਰੀ, 4 ਜੂਨ (ਪ੍ਰਤੀਨਿਧੀ) : ਕੈਨੇਡਾ ਦੇ ਸ਼ਹਿਰ ਸਰੀ ਵਿੱਚ ਅਪਰਾਧਿਕ ਗਤੀਵਿਧੀਆਂ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਰੀ ਪੁਲੀਸ ਸਰਵਿਸ ਵਲੋਂ ਜਾਰੀ ਕੀਤੇ ਗਏ ਸਾਲ 2026 ਦੇ ਪਹਿਲੇ 4 ਮਹੀਨਿਆਂ ਦੇ ਅੰਕੜਿਆਂ ਨੇ ਭਾਈਚਾਰੇ ਅਤੇ ਪ੍ਰਸ਼ਾਸ਼ਨ ਦੇ ਹੋਸ਼ ਉਡਾ ਦਿੱਤੇ ਹਨ। ਅੰਕੜਿਆਂ ਅਨੁਸਾਰ ਸ਼ਹਿਰ ਵਿੱਚ ਜਿੱਥੇ ਕਤਲ ਦੇ ਮਾਮਲਿਆਂ ਵਿੱਚ 3 ਗੁਣਾ ਵਾਧਾ ਹੋਇਆ ਹੈ, ਉੱਥੇ ਹੀ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਫ਼ਿਰੌਤੀਆਂ ਦੀਆਂ ਘਟਨਾਵਾਂ ਵਿੱਚ ਰਿਕਾਰਡ ਤੋੜ ਤੇਜ਼ੀ ਆਈ ਹੈ।




ਤਾਜ਼ਾ ਰਿਪੋਰਟ ਮੁਤਾਬਕ, ਸਾਲ 2025 ਦੇ ਪਹਿਲੇ 4 ਮਹੀਨਿਆਂ ਦੇ ਮੁਕਾਬਲੇ ਇਸ ਸਾਲ ਕਤਲ ਦੇ ਮਾਮਲੇ 2 ਤੋਂ ਵੱਧ ਕੇ 8 ਹੋ ਗਏ ਹਨ, ਜੋ ਕਿ 300 ਫ਼ੀਸਦੀ ਦਾ ਵਾਧਾ ਹੈ। ਇਸੇ ਤਰ੍ਹਾਂ ਸ਼ਹਿਰ ਵਿੱਚ ਸ਼ਰੇਆਮ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ 94 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿ 17 ਤੋਂ ਵੱਧ ਕੇ 33 ਤਕ ਪਹੁੰਚ ਗਈਆਂ ਹਨ। ਸਭ ਤੋਂ ਚਿੰਤਾਜਨਕ ਅੰਕੜਾ ਫ਼ਿਰੌਤੀ ਦੇ ਮਾਮਲਿਆਂ ਦਾ ਹੈ। ਦੱਖਣੀ ਏਸ਼ੀਆਈ ਭਾਈਚਾਰੇ ਨਾਲ ਸਬੰਧਤ ਫ਼ਿਰੌਤੀ ਦੀਆਂ ਘਟਨਾਵਾਂ ਵਿੱਚ 2,275 ਫ਼ੀਸਦੀ ਦਾ ਅਵਿਸ਼ਵਾਸਯੋਗ ਵਾਧਾ ਦੇਖਿਆ ਗਿਆ ਹੈ। ਪਿਛਲੇ ਸਾਲ ਜਿੱਥੇ ਸਿਰਫ਼ 4 ਮਾਮਲੇ ਸਾਹਮਣੇ ਆਏ ਸਨ, ਉੱਥੇ ਹੀ ਇਸ ਸਾਲ ਇਹ ਗਿਣਤੀ ਵੱਧ ਕੇ 95 ਹੋ ਗਈ ਹੈ। ਇਸ ਨਾਲ ਸਥਾਨਕ ਕਾਰੋਬਾਰੀਆਂ ਅਤੇ ਪੰਜਾਬੀ ਭਾਈਚਾਰੇ ਵਿੱਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ।

ਪਰਦਾਫ਼ਾਸ਼, ਅਰਬਾਂ ਦੀ ਕੋਕੀਨ ਬਰਾਮਦ

ਵਿਅਕਤੀਗਤ ਅਤੇ ਸੰਪਤੀ ਅਪਰਾਧਾਂ ਦੀ ਸਥਿਤੀ:

ਵਿਅਕਤੀਆਂ ਵਿਰੁੱਧ ਅਪਰਾਧ : 31 ਫ਼ੀਸਦੀ ਵਾਧਾ (2,756 ਮਾਮਲੇ)।

ਸੰਪਤੀ ਅਪਰਾਧ : 12 ਫ਼ੀਸਦੀ ਵਾਧਾ (6,983 ਮਾਮਲੇ)।

ਕਾਰੋਬਾਰੀ ਅਦਾਰਿਆਂ 'ਚ ਸੰਨ੍ਹਮਾਰੀ : 60 ਫ਼ੀਸਦੀ ਵਾਧਾ।

ਪਛਾਣ ਦੀ ਚੋਰੀ ਅਤੇ ਧੋਖਾਧੜੀ : 59 ਫ਼ੀਸਦੀ ਵਾਧਾ।

ਲੁੱਟ-ਖੋਹ ਮਾਮਲੇ : 30 ਫ਼ੀਸਦੀ ਵਾਧਾ।

ਅਪਰਾਧਾਂ ਦੇ ਨਾਲ-ਨਾਲ ਪੁਲੀਸ ਨੇ ਮਾਨਸਿਕ ਸਿਹਤ ਨਾਲ ਸਬੰਧਤ ਮਾਮਲਿਆਂ ਵਿੱਚ ਵੀ 36 ਫ਼ੀਸਦੀ ਦੀ ਤੇਜ਼ੀ ਦਰਜ ਕੀਤੀ ਹੈ। ਹਾਲਾਂਕਿ, ਕੁੱਝ ਰਾਹਤ ਵਾਲੀ ਗੱਲ ਇਹ ਰਹੀ ਕਿ ਘਾਤਕ ਸੜਕ ਹਾਦਸਿਆਂ ਵਿੱਚ 14 ਫ਼ੀਸਦੀ ਅਤੇ ਕਾਰਾਂ ਦੀ ਚੋਰੀ ਵਿੱਚ 3 ਫ਼ੀਸਦੀ ਦੀ ਮਾਮੂਲੀ ਗਿਰਾਵਟ ਆਈ ਹੈ। ਸਰੀ ਪੁਲੀਸ ਅਨੁਸਾਰ ਭਾਵੇਂ ਮਦਦ ਲਈ ਆਉਣ ਵਾਲੀਆਂ ਕਾਲਾਂ ਵਿੱਚ 3 ਫ਼ੀਸਦੀ ਦੀ ਕਮੀ ਆਈ ਹੈ, ਪਰ ਅਪਰਾਧਾਂ ਦੀ ਵੱਧਦੀ ਗੰਭੀਰਤਾ ਅਤੇ ਹਿੰਸਕ ਘਟਨਾਵਾਂ ਸ਼ਹਿਰ ਦੀ ਸੁਰੱਖਿਆ ਲਈ ਵੱਡੀ ਚੁਣੌਤੀ ਬਣ ਗਈਆਂ ਹਨ।

# ਪੰਜਾਬੀ ਨੌਜਵਾਨਾਂ ਦੇ 'ਕੈਨੇਡਾ ਸੁਪਨੇ' ਨੂੰ ਲੱਗਿਆ ਝਟਕਾ, ਸਟੱਡੀ ਪਰਮਿਟਾਂ ਦੀ ਗਿਣਤੀ 6 ਸਾਲਾਂ ਦੇ ਹੇਠਲੇ ਪੱਧਰ 'ਤੇ

ਓਟਾਵਾ, 4 ਜੂਨ (ਪ੍ਰਤੀਨਿਧੀ) : ਕੈਨੇਡਾ ਵਿੱਚ ਪੜ੍ਹਾਈ ਕਰਨ ਦਾ ਸੁਪਨਾ ਦੇਖਣ ਵਾਲੇ ਭਾਰਤੀ ਵਿੱਦਿਆਰਥੀਆਂ ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ ਲਈ ਇੱਕ ਬੇਹੱਦ ਨਿਰਾਸ਼ਾਜਨਕ ਖ਼ਬਰ ਸਾਹਮਣੇ ਆਈ ਹੈ। ਇਮੀਗ੍ਰੇਸ਼ਨ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ ਭਾਰਤੀ ਵਿੱਦਿਆਰਥੀਆਂ ਨੂੰ ਜਾਰੀ ਕੀਤੇ ਗਏ ਸਟੱਡੀ ਪਰਮਿਟਾਂ ਦੀ ਗਿਣਤੀ ਪਿਛਲੇ 6 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਇਹ ਗਿਰਾਵਟ ਕੋਵਿਡ-19 ਮਹਾਂਮਾਰੀ ਦੇ ਸਮੇਂ ਨਾਲੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨਜ਼ਰ ਆ ਰਹੀ ਹੈ।




ਰਿਪੋਰਟ ਮੁਤਾਬਕ ਜਨਵਰੀ ਤੋਂ ਮਾਰਚ 2026 ਦਰਮਿਆਨ ਸਿਰਫ਼ 17,540 ਭਾਰਤੀਆਂ ਨੂੰ ਹੀ ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ। ਜੇਕਰ ਇਸ ਦੀ ਤੁਲਨਾ 2025 ਦੀ ਪਹਿਲੀ ਤਿਮਾਹੀ ਨਾਲ ਕੀਤੀ ਜਾਵੇ, ਜਦੋਂ 29,950 ਭਾਰਤੀਆਂ ਨੂੰ ਵੀਜ਼ਾ ਮਿਲਿਆ ਸੀ, ਤਾਂ ਇਸ ਵਾਰ 40 ਫ਼ੀਸਦੀ ਤੋਂ ਵੱਧ ਦੀ ਕਮੀ ਦਰਜ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਸਾਲ 2024 ਵਿੱਚ ਸਾਲਾਨਾ ਇਨਟੇਕ 1,88,140 ਸੀ, ਜੋ ਪਿਛਲੇ ਸਾਲ ਘੱਟ ਕੇ ਲੱਗਭਗ ਅੱਧੀ ਯਾਨੀ 94,025 ਰਹਿ ਗਈ ਹੈ। 9ਵ33 ਦੇ ਸਾਲਾਨਾ ਅੰਕੜਿਆਂ ਅਨੁਸਾਰ ਜਾਰੀ ਕੀਤੇ ਗਏ ਕੁੱਲ ਅਧਿਐਨ ਪਰਮਿਟ 2024 ਵਿੱਚ 5,14,915 ਤੋਂ ਘੱਟ ਕੇ 2025 ਵਿੱਚ 3,83,905 ਹੋ ਗਏ, ਜੋ ਕਿ 25% ਦੀ ਕਮੀ ਹੈ, ਜੋ ਕਿ 2023 ਦੇ ਰਿਕਾਰਡ ਉੱਚ 6,80,795 ਤੋਂ ਪਹਿਲਾਂ ਹੀ ਘੱਟ ਗਈ ਹੈ।


ਇਹ 2018 ਤੋਂ ਬਾਅਦ ਸਭ ਤੋਂ ਘੱਟ ਦਾਖਲਾ ਵੀ ਸੀ ਜਦੋਂ 2020 ਨੂੰ ਛੱਡ ਕੇ 3,54,260 ਪਰਮਿਟ ਜਾਰੀ ਕੀਤੇ ਗਏ ਸਨ ਜਦੋਂ ਕੋਵਿਡ-19 ਮਹਾਂਮਾਰੀ ਨੇ ਅੰਤਰਰਾਸ਼ਟਰੀ ਯਾਤਰਾ ਵਿੱਚ ਵਿਘਨ ਪਾਇਆ ਅਤੇ ਇਹ ਗਿਣਤੀ 2,55,530 ਤਕ ਡਿੱਗ ਗਈ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੈਟਲੇਜ ਦੀਆਬ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੀ ਗਿਣਤੀ ਨੂੰ ਇੱਕ 'ਟਿਕਾਊ ਪੱਧਰ' 'ਤੇ ਲਿਆਉਣਾ ਚਾਹੁੰਦੀ ਹੈ। ਇਸ ਸਖ਼ਤੀ ਦੇ ਮੁੱਖ ਕਾਰਨ ਦੇਸ਼ ਵਿੱਚ ਰਿਹਾਇਸ਼ੀ ਸੰਕਟ ਅਤੇ ਜਨਤਕ ਬੁਨਿਆਦੀ ਢਾਂਚੇ 'ਤ ਵੱਧ ਰਿਹਾ ਦਬਾਅ ਹਨ। ਸਰਕਾਰ ਦਾ ਮੰਨਣਾ ਹੈ ਕਿ ਅਸਥਾਈ ਪ੍ਰਵਾਸੀਆਂ ਦੀ ਵੱਧਦੀ ਗਿਣਤੀ ਕਾਰਨ ਇਨ੍ਹਾਂ ਸਹੂਲਤਾਂ 'ਤੇ ਬੋਝ ਵਧਿਆ ਹੈ।

ਵੀਜ਼ਾ ਪ੍ਰਕਿਰਿਆ ਨੂੰ ਕੰਟਰੋਲ ਕਰਨ ਲਈ ਕੈਨੇਡਾ ਸਰਕਾਰ ਨੇ ਕਈ ਨਵੇਂ ਕਦਮ ਚੁੱਕੇ ਹਨ, ਜਿਨਾਂ ਵਿੱਚ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੀ ਗਿਣਤੀ 'ਤ ਸਾਲਾਨਾ ਕੈਪ (ਸੀਮਾ) ਲਗਾ ਦਿੱਤੀ ਗਈ ਹੈ, ਸਟੱਡੀ ਪਰਮਿਟ ਫ਼ਰਾਡ ਨੂੰ ਰੋਕਣ ਲਈ ਐਕਸੈਪਟੈਂਸ ਲੈਟਰ ਦੀ ਸਮੀਖਿਆ ਲਾਜ਼ਮੀ ਕਰ ਦਿੱਤੀ ਗਈ ਹੈ, ਵਿੱਦਿਆਰਥੀਆਂ ਲਈ ਵਿੱਤੀ ਜ਼ਰੂਰਤਾਂ ਦੇ ਪੱਧਰ ਨੂੰ ਵਧਾ ਦਿੱਤਾ ਗਿਆ ਹੈ।

ਸਰਕਾਰ ਨੇ ਸਾਲ 2026 ਲਈ ਸਟੱਡੀ ਪਰਮਿਟਾਂ ਦੀ ਸੀਮਾ 4,08,000 ਤੈਅ ਕੀਤੀ ਹੈ, ਜਿਸ ਵਿੱਚ ਸਿਰਫ਼ 1,55,000 ਨਵੇਂ ਵੀਜ਼ੇ ਸ਼ਾਮਲ ਹਨ। ਇਹ ਟੀਚਾ 2025 ਦੇ ਮੁਕਾਬਲੇ 7 ਫ਼ੀਸਦੀ ਅਤੇ 2024 ਦੇ ਮੁਕਾਬਲੇ 16 ਫ਼ੀਸਦੀ ਘੱਟ ਹੈ। ਇਮੀਗ੍ਰੇਸ਼ਨ ਪਲਾਨ ਅਨੁਸਾਰ ਸਾਲ 2027 ਅਤੇ 2028 ਵਿੱਚ ਨਵੇਂ ਵਿੱਦਿਆਰਥੀਆਂ ਦੀ ਗਿਣਤੀ ਹੋਰ ਘਟਾ ਕੇ 1,50,000 ਕਰਨ ਦੀ ਯੋਜਨਾ ਹੈ। ਸਰਕਾਰ ਦਾ ਅੰਤਿਮ ਟੀਚਾ 2027 ਦੇ ਅੰਤ ਤਕ ਅਸਥਾਈ ਆਬਾਦੀ ਦੇ ਹਿੱਸੇ ਨੂੰ ਕੁੱਲ ਆਬਾਦੀ ਦੇ 5 ਫ਼ੀਸਦੀ ਤੋਂ ਹੇਠਾਂ ਲਿਆਉਣਾ ਹੈ।

# ਨਸ਼ੇੜੀ ਭਰਾ ਨਾਲ ਵਿਆਹ ਤੋਂ ਕੀਤਾ ਇਨਕਾਰ, ਪਿਓ-ਚਾਚੇ ਨੇ ਧੀ ਨੂੰ ਮਾਰੀਆਂ 10 ਗੋਲੀਆਂ, ਫ਼ਿਰ ਵੱਢ ਦਿੱਤਾ ਸਿਰ

ਬਗਦਾਦ, 4 ਜੂਨ (ਪ੍ਰਤੀਨਿਧੀ) : ਇਰਾਕ ਦੀ ਰਾਜਧਾਨੀ ਬਗਦਾਦ ਵਿੱਚ ਇੱਕ ਰੂਹ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ 'ਔਨਰ ਕਿਲਿੰਗ' ਦੇ ਨਾਮ 'ਤੇ ਇੱਕ 15 ਸਾਲਾ ਮਾਸੂਮ ਬੱਚੀ ਦਾ ਉਸ ਦੇ ਹੀ ਪਰਿਵਾਰ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਕੌਸਰ ਬਸ਼ਰ ਅਲ-ਹੁਸੈਜ਼ਾਵੀ ਨਾਮ ਦੀ ਇਸ ਕੁੜੀ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਸ ਨੇ ਆਪਣੀ ਮਰਜ਼ੀ ਦੇ ਖ਼ਿਲਾਫ਼ ਇੱਕ ਸ਼ਰਾਬੀ ਅਤੇ ਡਰੱਗ ਡੀਲਰ ਚਚੇਰੇ ਭਰਾ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਸੀ।



ਜਾਣਕਾਰੀ ਅਨੁਸਾਰ, ਕੌਸਰ ਦਾ ਪਹਿਲਾਂ ਮਹਿਜ਼ 13 ਸਾਲ ਦੀ ਉਮਰ ਵਿੱਚ ਜ਼ਬਰਦਸਤੀ ਵਿਆਹ ਕਰ ਦਿੱਤਾ ਗਿਆ ਸੀ, ਜਿੱਥੇ ਉਸ ਨੂੰ ਭਾਰੀ ਤਸ਼ੱਦਦ ਝੱਲਣਾ ਪਿਆ। ਸਾਲ 2025 ਦੇ ਅਖੀਰ ਵਿੱਚ ਅਦਾਲਤ ਤੋਂ ਤਲਾਕ ਲੈਣ ਤੋਂ ਬਾਅਦ, ਉਸ ਦੇ ਪਰਿਵਾਰ ਨੇ ਉਸ 'ਤ ਇੱਕ ਹੋਰ ਜ਼ਬਰਦਸਤੀ ਵਿਆਹ ਦਾ ਦਬਾਅ ਬਣਾਇਆ। ਇਸ ਤੋਂ ਬਚਣ ਲਈ ਉਹ ਮਈ ਮਹੀਨੇ ਵਿੱਚ ਘਰੋਂ ਭੱਜ ਗਈ ਸੀ, ਪਰ ਰਸਤੇ ਵਿੱਚ ਇੱਕ ਗੁਆਂਢੀ ਨੇ ਉਸ ਦਾ ਅਗਵਾ ਕਰ ਲਿਆ ਅਤੇ 3 ਦਿਨਾਂ ਤਕ ਬੰਧਕ ਬਣਾ ਕੇ ਰੱਖਿਆ। ਜਦੋਂ ਕੌਸਰ ਵਾਪਸ ਘਰ ਪਰਤੀ ਤਾਂ ਉਸ ਦੇ ਪਿਤਾ, ਚਾਚੇ ਅਤੇ ਮਗੇਤਰ ਨੇ ਉਸ ਦੀ ਇੱਕ ਨਾ ਸੁਣੀ। ਉਹ ਉਸ ਨੂੰ ਬਗਦਾਦ ਦੇ ਬਾਹਰਵਾਰ ਇੱਕ ਸੁੰਨਸਾਨ ਮੈਦਾਨ ਵਿੱਚ ਲੈ ਗਏ, ਜਿੱਥੇ ਉਨ੍ਹਾਂ ਨੇ ਮਾਸੂਮ 'ਤ ਇੱਕ ਤੋਂ ਬਾਅਦ ਇੱਕ 10 ਗੋਲੀਆਂ ਦਾਗ ਦਿੱਤੀਆਂ। ਇੰਨਾ ਹੀ ਨਹੀਂ, ਕਾਤਲਾਂ ਨੇ ਕੁਹਾੜੀ ਨਾਲ ਉਸ ਦੇ ਸਿਰ ਦੇ 2 ਟੁਕੜੇ ਕਰ ਦਿੱਤੇ ਅਤੇ ਲਾਸ਼ ਨੂੰ ਬਿਨਾਂ ਕਿਸੇ ਧਾਰਮਿਕ ਰੀਤੀ-ਰਿਵਾਜ਼ ਦੇ ਇੱਕ ਟੋਏ ਵਿੱਚ ਸੁੱਟ ਦਿੱਤਾ।

ਇਸ ਤੋਂ ਬਾਅਦ ਵੀ ਪਰਿਵਾਰ ਦੇ ਲੋਕਾਂ ਵਿੱਚ ਕੋਈ ਪਛਤਾਵਾ ਨਹੀਂ ਸੀ। ਸੋਸ਼ਲ ਮੀਡੀਆ 'ਤ ਵਾਇਰਲ ਹੋ ਰਹੀਆਂ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਬੀਲੇ ਦੇ ਲੋਕ ਸੜਕਾਂ 'ਤ ਉਤਰ ਕੇ ਢੋਲ-ਨਗਾਰਿਆਂ ਨਾਲ ਕੌਸਰ ਦੀ ਮੌਤ ਦਾ ਜਸ਼ਨ ਮਨਾ ਰਹੇ ਸਨ। ਇਸ ਘਟਨਾ ਤੋਂ ਬਾਅਦ ਪੂਰੀ ਦੁਨੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਸੋਸ਼ਲ ਮੀਡੀਆ 'ਤ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ।

# ਬਦਨਾਮੀ ਦੇ ਡਰੋਂ ਘਰਾਂ 'ਚ ਬੱਚਿਆਂ ਨੂੰ ਜਨਮ ਦੇਣ ਲੱਗੀਆਂ ਅੰਤਰਰਾਸ਼ਟਰੀ ਵਿਦਿਆਰਥਣਾਂ !


ਓਟਾਵਾ, 4 ਜੂਨ (ਪ੍ਰਤੀਨਿਧੀ) : ਕੈਨੇਡਾ ਪੜ੍ਹਨ ਗਈਆਂ ਪੰਜਾਬੀ ਅਤੇ ਭਾਰਤੀ ਅੰਤਰਰਾਸ਼ਟਰੀ ਵਿੱਦਿਆਰਥਣਾਂ ਨਾਲ ਜੁੜਿਆ ਇੱਕ ਬੇਹੱਦ ਸੰਵੇਦਨਸ਼ੀਲ ਅਤੇ ਚਿੰਤਾਜਨਕ ਮਾਮਲਾ ਸਾਹਮਣੇ ਆ ਰਿਹਾ ਹੈ। ਕੁੱਝ ਮੀਡੀਆ ਰਿਪੋਰਟਾਂ ਮੁਤਾਬਕ ਪਰਿਵਾਰਕ ਡਰ, ਸਮਾਜਿਕ ਬਦਨਾਮੀ ਅਤੇ ਕਾਨੂੰਨੀ ਕਾਰਵਾਈ ਦੇ ਖ਼ੌਫ਼ ਕਾਰਨ ਕੁੱਝ ਗਰਭਵਤੀ ਵਿੱਦਿਆਰਥਣਾਂ ਹਸਪਤਾਲ ਜਾਣ ਦੀ ਬਜਾਏ ਇੰਟਰਨੈੱਟ 'ਤੇ ਵੀਡੀਓ ਦੇਖ ਕੇ ਘਰਾਂ ਵਿੱਚ ਹੀ ਬੱਚਿਆਂ ਨੂੰ ਜਨਮ ਦੇਣ ਵਰਗੇ ਕਦਮ ਚੁੱਕ ਰਹੀਆਂ ਹਨ।




ਰਿਪੋਰਟਾਂ ਮੁਤਾਬਕ, ਮੈਡੀਕਲ ਸਹਾਇਤਾ ਨਾ ਮਿਲਣ ਕਾਰਨ ਨਵਜੰਮੇ ਬੱਚਿਆਂ ਦੀ ਜਾਨ ਖ਼ਤਰੇ ਵਿੱਚ ਪੈ ਰਹੀ ਹੈ ਅਤੇ ਇਸ ਹਫ਼ਤੇ ਅਜਿਹੀ ਦੂਜੀ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਲਾਪਰਵਾਹੀ ਜਾਂ ਸਮਾਜਿਕ ਡਰ ਕਾਰਨ ਬੱਚੇ ਦੀ ਮੌਤ ਦਾ ਮਾਮਲਾ ਗਰਮਾਇਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਅਜਿਹੇ ਮਾਮਲੇ ਦੇਖਣ ਨੂੰ ਮਿਲੇ ਸਨ ਜਿੱਥੇ ਕੁੜੀਆਂ ਹਸਪਤਾਲ ਵਿੱਚ ਬੱਚੇ ਨੂੰ ਜਨਮ ਦੇ ਕੇ ਬਿਨਾਂ ਦੱਸੇ ਉੱਥੋਂ ਚਲੀਆਂ ਜਾਂਦੀਆਂ ਸਨ।

ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਸਥਾਨਕ ਭਾਈਚਾਰੇ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਵਿੱਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਮੁਸ਼ਕਿਲ ਸਥਿਤੀ ਵਿੱਚ ਅਫ਼ਵਾਹਾਂ ਜਾਂ ਇੰਟਰਨੈੱਟ ਦੇ ਭਰੋਸੇ ਆਪਣੀ ਅਤੇ ਬੱਚੇ ਦੀ ਜਾਨ ਖ਼ਤਰੇ ਵਿੱਚ ਨਾ ਪਾਉਣ, ਬਲਕਿ ਕੈਨੇਡਾ ਵਿੱਚ ਮੌਜੂਦ ਮੁਫ਼ਤ ਅਤੇ ਗੁਪਤ ਹੈੱਲਪਲਾਈਨਾਂ ਦੀ ਮਦਦ ਲੈਣ।

# ਨਸ਼ਿਆਂ ਦੀ ਤਸਕਰੀ ਲਈ ਦੋ ਦੇਸ਼ਾਂ 'ਚ ਬਣੀ ਖ਼ੁਫ਼ੀਆ ਸੁਰੰਗ ਦਾ ਪਰਦਾਫ਼ਾਸ਼, ਅਰਬਾਂ ਦੀ ਕੋਕੀਨ ਬਰਾਮਦ







ਵਾਸ਼ਿੰਗਟਨ, 4 ਜੂਨ (ਪ੍ਰਤੀਨਿਧੀ) : ਅਮਰੀਕੀ ਜਾਂਚਕਰਤਾਵਾਂ ਨੇ ਮੈਕਸੀਕੋ ਤੋਂ ਦੱਖਣੀ ਕੈਲੇਫ਼ੋਰਨੀਆ ਤਕ ਫ਼ੈਲੀ ਇੱਕ ਬੇਹੱਦ ਆਧੁਨਿਕ ਖ਼ੁਫ਼ੀਆ ਸੁਰੰਗ ਦਾ ਪਰਦਾਫ਼ਾਸ਼ ਕੀਤਾ ਹੈ। ਇਸ ਖ਼ੁਲਾਸੇ ਨਾਲ ਮੈਕਸੀਕੋ ਦੇ ਇੱਕ ਸ਼ਕਤੀਸ਼ਾਲੀ ਡਰੱਗ ਕਾਰਟਲ ਨੂੰ ਵੱਡਾ ਝਟਕਾ ਲੱਗਾ ਹੈ। ਇਸ ਕਾਰਵਾਈ ਦੌਰਾਨ ਅਧਿਕਾਰੀਆਂ ਨੇ ਇੱਕ ਟਨ ਤੋਂ ਵੱਧ ਕੋਕੀਨ ਜ਼ਬਤ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਲਗਭਗ 45 ਮਿਲੀਅਨ ਡਾਲਰ (ਲੱਗਭਗ 427 ਕਰੋੜ ਰੁਪਏ) ਦੱਸੀ ਜਾ ਰਹੀ ਹੈ। ਸੰਘੀ ਅਧਿਕਾਰੀਆਂ ਅਨੁਸਾਰ ਇਹ ਸੁਰੰਗ ਮੈਕਸੀਕੋ ਦੇ ਟਿਜੁਆਨਾ ਤੋਂ ਸ਼ੁਰੂ ਹੋ ਕੇ ਕੈਲੇਫ਼ੋਰਨੀਆ ਦੇ ਓਟੇ ਮੇਸਾ ਵਿੱਚ ਸਥਿਤ 'ਬਾਏ 4 ਲੈੱਸ' ਨਾਮਕ ਇੱਕ ਰਿਟੇਲ ਸਟੋਰ ਤਕ ਜਾਂਦੀ ਸੀ।

ਜਾਂਚਕਰਤਾਵਾਂ ਨੇ ਪਾਇਆ ਕਿ ਸਟੋਰ ਦੇ ਅੰਦਰ ਇੱਕ ਸਟੋਰੇਜ ਰੂਮ ਦੇ ਫ਼ਰਸ਼ ਹੇਠਾਂ ਸੁਰੰਗ ਦਾ ਗੁਪਤ ਰਸਤਾ ਬਣਾਇਆ ਗਿਆ ਸੀ, ਜਿਸ ਤਕ ਪਹੁੰਚਣ ਲਈ ਇੱਕ ਆਧੁਨਿਕ ਹਾਈਡ੍ਰੌਲਿਕ ਲਿਫ਼ਟ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਸੁਰੰਗ ਕੋਈ ਆਮ ਰਸਤਾ ਨਹੀਂ ਸੀ, ਸਗੋਂ ਇੰਜੀਨੀਅਰਿੰਗ ਦਾ ਇੱਕ ਅਦਭੁੱਤ ਨਮੂਨਾ ਸੀ। ਲਗਭਗ 1,933 ਫ਼ੁੱਟ ਲੰਬੀ ਅਤੇ ਜ਼ਮੀਨ ਤੋਂ 55 ਫ਼ੁੱਟ ਹੇਠਾਂ ਬਣੀ ਇਸ ਸੁਰੰਗ ਵਿੱਚ ਪੱਕੀਆਂ ਕੰਧਾਂ, ਬਿਜਲੀ, ਵੈਂਟੀਲੇਸ਼ਨ ਸਿਸਟਮ ਅਤੇ ਨਸ਼ਿਆਂ ਦੀ ਵੱਡੀ ਖੇਪ ਦੀ ਢੋਆ-ਢੁਆਈ ਲਈ ਇੱਕ ਰੇਲ ਨੈੱਟਵਰਕ ਵੀ ਵਿਛਾਇਆ ਗਿਆ ਸੀ।

ਇਸ ਮਾਮਲੇ ਵਿੱਚ 4 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਗ੍ਰੇਗੋਰੀਓ ਐਪੀਫ਼ਾਨੀਓ ਹਰਨਾਂਡੇਜ਼ ਲੋਪੇਜ਼, ਬ੍ਰੈਂਡਨ ਐਸਕਾਲਾਂਟੇ ਸੈਂਡੋਵਾਲ, ਜੋਸ ਜਿਮੇਨੇਜ਼ ਅਤੇ ਐਂਟੋਨੀਓ ਕੋਰਟੇਜ਼ ਵਜੋਂ ਹੋਈ ਹੈ। ਹੋਮਲੈਂਡ ਸਕਿਓਰਿਟੀ ਟਾਸਕ ਫ਼ੋਰਸ ਦਸੰਬਰ 2025 ਤੋਂ ਇਸ ਸਟੋਰ 'ਤ ਨਜ਼ਰ ਰੱਖ ਰਹੀ ਸੀ। ਅਧਿਕਾਰੀਆਂ ਨੇ ਨੋਟ ਕੀਤਾ ਕਿ ਇਸ ਸਟੋਰ ਵਿੱਚ ਗਾਹਕ ਬਹੁਤ ਘੱਟ ਆਉਂਦੇ ਸਨ ਪਰ ਇੱਥੋਂ ਵੱਡੇ-ਵੱਡੇ ਸੂਟ ਕੇਸ ਅਕਸਰ ਬਾਹਰ ਲਿਜਾਏ ਜਾਂਦੇ ਸਨ। ਹੋਮਲੈਂਡ ਸਿਕਿਓਰਟੀ ਇਨਵੈਸਟੀਗੇਸ਼ਨ ਦੇ ਵਿਸ਼ੇਸ਼ ਏਜੰਟ ਕੇਵਿਨ ਮਰਫ਼ੀ ਨੇ ਕਿਹਾ ਕਿ ਇਹ ਕਾਰਵਾਈ 'ਜਲਿਸਕੋ ਨਿਊ ਜਨਰੇਸ਼ਨ ਕਾਰਟਲ' ਲਈ ਇੱਕ ਵੱਡਾ ਝਟਕਾ ਹੈ। ਜਾਂਚ ਦੌਰਾਨ ਦੋ ਟਰੱਕਾਂ ਅਤੇ ਇੱਕ ਵੈਨ ਵਿੱਚੋਂ ਕੁੱਲ 1,029.6 ਕਿਲੋਗ੍ਰਾਮ ਕੋਕੀਨ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ 1993 ਤੋਂ ਹੁਣ ਤਕ ਦੱਖਣੀ ਕੈਲੇਫ਼ੋਰਨੀਆ ਵਿੱਚ ਅਜਿਹੀਆਂ 99 ਸੁਰੰਗਾਂ ਦਾ ਪਤਾ ਲਗਾਇਆ ਜਾ ਚੁੱਕਾ ਹੈ।

# ਹੁਣ ਬਿਨਾਂ ਵਰਕ ਪਰਮਿਟ ਦੇ ਵੀ ਕੈਨੇਡਾ 'ਚ ਕਰ ਸਕੋਗੇ ਕੰਮ ! ਪੰਜਾਬੀਆਂ ਦੀਆਂ ਲੱਗਣਗੀਆਂ ਮੌਜਾਂ

ਟੋਰਾਂਟੋ, 4 ਜੂਨ (ਪ੍ਰਤੀਨਿਧੀ) : ਕੈਨੇਡਾ ਵਿੱਚ ਨੌਕਰੀ ਕਰਨ ਜਾਂ ਕੰਮ ਕਰਨ ਦੀ ਯੋਜਨਾ ਬਣਾ ਰਹੇ ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ ਲਈ ਗੁੱਡ ਨਿਊਜ਼ ਹੈ। ਹਾਲਾਂਕਿ ਜ਼ਿਆਦਾਤਰ ਵਿਦੇਸ਼ੀਆਂ ਨੂੰ ਕੈਨੇਡਾ ਵਿੱਚ ਕੰਮ ਕਰਨ ਲਈ ਵਰਕ ਪਰਮਿਟ ਦੀ ਲੋੜ ਹੁੰਦੀ ਹੈ, ਪਰ ਕੈਨੇਡੀਅਨ ਇਮੀਗ੍ਰੇਸ਼ਨ ਨਿਯਮਾਂ ਵਿੱਚ ਕੁੱਝ ਅਜਿਹੀਆਂ ਵਿਸ਼ੇਸ਼ ਸ਼੍ਰੇਣੀਆਂ ਹਨ, ਜਿਨ੍ਹਾਂ ਨੂੰ ਬਿਨਾਂ ਪਰਮਿਟ ਦੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।



ਇਨ੍ਹਾਂ 3 ਸ਼੍ਰੇਣੀਆਂ ਨੂੰ ਵੱਡੀ ਰਾਹਤ:

1. ਬਿਜ਼ਨੈੱਸ ਵਿਜ਼ਿਟਰ- ਜੇਕਰ ਕੋਈ ਵਿਅਕਤੀ ਵਪਾਰਕ ਗਤੀਵਿਧੀਆਂ ਲਈ ਕੈਨੇਡਾ ਆਉਂਦਾ ਹੈ ਅਤੇ ਉਹ ਕੈਨੇਡੀਅਨ ਲੇਬਰ ਮਾਰਕੀਟ ਦਾ ਹਿੱਸਾ ਨਹੀਂ ਬਣਦਾ, ਤਾਂ ਉਸ ਨੂੰ ਵਰਕ ਪਰਮਿਟ ਦੀ ਲੋੜ ਨਹੀਂ ਹੁੰਦੀ। ਇਸ ਲਈ ਮੁੱਖ ਸ਼ਰਤ ਇਹ ਹੈ ਕਿ ਵਿਅਕਤੀ ਕਿਸੇ ਕੈਨੇਡੀਅਨ ਕੰਪਨੀ ਦਾ ਕਰਮਚਾਰੀ ਨਹੀਂ ਹੋਣਾ ਚਾਹੀਦਾ ਅਤੇ ਉਸ ਦੀ ਤਨਖਾਹ ਕੈਨੇਡਾ ਤੋਂ ਬਾਹਰੋਂ ਆਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਕੈਨੇਡੀਅਨ ਕਰਮਚਾਰੀਆਂ ਨਾਲ ਮੁਕਾਬਲਾ ਨਹੀਂ ਕਰਨਾ ਚਾਹੀਦਾ। ਉਦਾਹਰਣ ਵਜੋਂ ਕਾਰੋਬਾਰੀ ਮੀਟਿੰਗਾਂ ਵਿੱਚ ਸ਼ਾਮਲ ਹੋਣਾ, ਵਪਾਰਕ ਸ਼ੋਅ ਜਾਂ ਪ੍ਰਦਰਸ਼ਨੀਆਂ ਵਿੱਚ ਹਿੱਸਾ ਲੈਣਾ, ਬੋਰਡ ਮੀਟਿੰਗਾਂ ਵਿੱਚ ਸ਼ਾਮਲ ਹੋਣਾ, ਜਾਂ ਆਪਣੀ ਵਿਦੇਸ਼ੀ ਕੰਪਨੀ ਲਈ ਕੈਨੇਡਾ ਤੋਂ ਸਾਮਾਨ ਅਤੇ ਸੇਵਾਵਾਂ ਖਰੀਦਣਾ ਸ਼ਾਮਲ ਹੈ। ਇਸ ਸ਼੍ਰੇਣੀ ਵਿੱਚ ਲੋਕ ਆਮ ਤੌਰ 'ਤੇ 6 ਮਹੀਨਿਆਂ ਤੱਕ ਰਹਿ ਸਕਦੇ ਹਨ।

2. ਡਿਜੀਟਲ ਨੌਮੈਡ ਅਤੇ ਰਿਮੋਟ ਵਰਕਰ- ਦੁਨੀਆਂ ਭਰ ਵਿੱਚ ਵੱਧਦੇ ਰਿਮੋਟ ਵਰਕ ਦੇ ਦੌਰ ਵਿੱਚ ਬਹੁਤ ਸਾਰੇ ਲੋਕ ਇੱਕ ਦੇਸ਼ ਵਿੱਚ ਰਹਿੰਦੇ ਹੋਏ ਦੂਜੇ ਦੇਸ਼ ਦੀ ਕੰਪਨੀ ਲਈ ਕੰਮ ਕਰਦੇ ਹਨ; ਅਜਿਹੇ ਲੋਕਾਂ ਨੂੰ ਡਿਜੀਟਲ ਨੌਮੈਡ ਕਿਹਾ ਜਾਂਦਾ ਹੈ। ਇਸ ਨਿਯਮ ਦੇ ਤਹਿਤ ਜੇਕਰ ਕੋਈ ਵਿਅਕਤੀ ਕੈਨੇਡਾ ਵਿੱਚ ਰਹਿ ਕੇ ਕਿਸੇ ਵਿਦੇਸ਼ੀ ਕੰਪਨੀ ਲਈ ਔਨਲਾਈਨ ਕੰਮ ਕਰ ਰਿਹਾ ਹੈ, ਤਾਂ ਉਸ ਨੂੰ ਵਰਕ ਪਰਮਿਟ ਦੀ ਲੋੜ ਨਹੀਂ ਹੁੰਦੀ। ਇਸ ਵਿੱਚ ਕੰਪਨੀ ਦਾ ਕੈਨੇਡਾ ਵਿੱਚ ਕੋਈ ਦਫ਼ਤਰ ਜਾਂ ਵਿੱਤੀ ਸਬੰਧ ਨਹੀਂ ਹੋਣਾ ਚਾਹੀਦਾ ਅਤੇ ਵਿਅਕਤੀ ਕੈਨੇਡੀਅਨ ਗਾਹਕਾਂ ਨੂੰ ਸੇਵਾਵਾਂ ਨਹੀਂ ਦੇ ਸਕਦਾ। ਸੌਫ਼ਟਵੇਅਰ ਡਿਵੈੱਲਪਰ, ਡਿਜੀਟਲ ਮਾਰਕੀਟਿੰਗ ਮਾਹਿਰ ਅਤੇ ਔਨਲਾਈਨ ਟਿਊਟਰ ਇਸ ਸ਼੍ਰੇਣੀ ਵਿੱਚ ਆ ਸਕਦੇ ਹਨ ਅਤੇ ਇਹ 6 ਮਹੀਨਿਆਂ ਤਕ ਰਹਿ ਸਕਦੇ ਹਨ।

3. ਅੰਤਰਰਾਸ਼ਟਰੀ ਵਿੱਦਿਆਰਥੀ- ਕੈਨੇਡਾ ਵਿੱਚ ਪੜ੍ਹ ਰਹੇ ਵਿੱਦਿਆਰਥੀ ਵੀ ਬਿਨਾਂ ਵੱਖਰੇ ਵਰਕ ਪਰਮਿਟ ਦੇ ਕੰਮ ਕਰ ਸਕਦੇ ਹਨ, ਬਸ਼ਰਤੇ ਉਨ੍ਹਾਂ ਦੇ ਸਟੱਡੀ ਪਰਮਿਟ ਵਿੱਚ ਇਸ ਦਾ ਜ਼ਿਕਰ ਹੋਵੇ। ਕੈਂਪਸ ਦੇ ਅੰਦਰ ਵਿੱਦਿਆਰਥੀ ਸਾਲ ਭਰ ਅਸੀਮਤ ਘੰਟੇ ਕੰਮ ਕਰ ਸਕਦੇ ਹਨ। ਕੈਂਪਸ ਤੋਂ ਬਾਹਰ ਪੜ੍ਹਾਈ ਦੌਰਾਨ ਹਫ਼ਤੇ ਵਿੱਚ ਵੱਧ ਤੋਂ ਵੱਧ 24 ਘੰਟੇ ਅਤੇ ਛੁੱਟੀਆਂ ਦੌਰਾਨ ਅਸੀਮਿਤ ਘੰਟੇ ਕੰਮ ਕਰਨ ਦੀ ਇਜਾਜ਼ਤ ਹੈ। ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਸੋਸ਼ਲ ਇੰਸ਼ੋਰੈਂਸ ਨੰਬਰ ਹੋਣਾ ਲਾਜ਼ਮੀ ਹੈ। ਇਨ੍ਹਾਂ ਤੋਂ ਇਲਾਵਾ ਵਿਦੇਸ਼ੀ ਰਾਜਦੂਤ, ਪੱਤਰਕਾਰ, ਖਿਡਾਰੀ, ਧਾਰਮਿਕ ਵਰਕਰ ਅਤੇ ਗੈਸਟ ਸਪੀਕਰ ਵੀ ਕੁੱਝ ਸ਼ਰਤਾਂ ਅਧੀਨ ਬਿਨਾਂ ਵਰਕ ਪਰਮਿਟ ਦੇ ਕੰਮ ਕਰ ਸਕਦੇ ਹਨ। ਹਾਲਾਂਕਿ ਨਿਯਮਾਂ ਦੀ ਉਲੰਘਣਾ ਕਰਨ 'ਤੇ ਵੀਜ਼ਾ ਜਾਂ ਪਰਮਿਟ ਰੱਦ ਵੀ ਹੋ ਸਕਦਾ ਹੈ, ਇਸ ਲਈ ਨਿਰਧਾਰਤ ਸ਼ਰਤਾਂ ਦੀ ਪਾਲਣਾ ਕਰਨੀ ਬੇਹੱਦ ਜ਼ਰੂਰੀ ਹੈ।

# ਪੰਜਾਬ ਦੀ 17 ਸਾਲਾਂ ਧੀ ਦਾ ਕੈਨੇਡਾ 'ਚ ਕਮਾਲ: 35 ਸਾਲ ਪੁਰਾਣੀ ਮੈਡੀਕਲ ਖ਼ਾਮੀ ਕੀਤੀ ਦੂਰ !

## ਕੈਨੇਡਾ-ਵਿਆਪੀ ਸਾਇੰਸ ਮੇਲੇ ਵਿੱਚ ਜਿੱਤਿਆ 'ਇਨੋਵੇਸ਼ਨ ਐਵਾਰਡ'; ਪਲਸ ਆਕਸੀਮੀਟਰਾਂ ਦੀ ਨਸਲੀ ਖ਼ਾਮੀ ਕੀਤੀ ਦੂਰ

ਵਿਨੀਪੈਗ, 4 ਜੂਨ (ਪ੍ਰਤੀਨਿਧੀ) : ਕੈਨੇਡਾ ਦੇ ਓਨਟਾਰੀਓ ਸੂਬੇ ਦੇ ਕਿਚਨਰ ਸ਼ਹਿਰ ਦੀ 17 ਸਾਲਾ ਪੰਜਾਬੀ ਮੂਲ ਦੀ ਵਿੱਦਿਆਰਥਣ ਗੁਰਨੂਰ ਕੌਰ ਨੇ ਆਪਣੀ ਵਿਲੱਖਣ ਖੋਜ ਨਾਲ ਕੌਮੀ ਪੱਧਰ 'ਤੇ ਵੱਡੀ ਉਪਲਬੱਧੀ ਹਾਸਲ ਕੀਤੀ ਹੈ। ਗੁਰਨੂਰ ਨੂੰ ਐਡਮਿੰਟਨ ਵਿੱਚ ਹੋਏ 'ਕੈਨੇਡਾ-ਵਿਆਪੀ ਸਾਇੰਸ ਫ਼ੇਅਰ' ਵਿੱਚ 'ਬੈੱਸਟ ਪ੍ਰੋਜੈਕਟ ਫ਼ੌਰ ਇਨੋਵੇਸ਼ਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਕੈਮਰਨ ਹਾਈਟਸ ਕਾਲਜੀਏਟ ਇੰਸਟੀਚਿਊਟ ਦੀ 11ਵੀਂ ਜਮਾਤ ਦੀ ਵਿੱਦਿਆਰਥਣ ਗੁਰਨੂਰ ਕੌਰ ਦਾ ਇਹ ਪ੍ਰੋਜੈਕਟ ਸਿਹਤ ਖੇਤਰ ਵਿੱਚ ਇੱਕ ਅਹਿਮ ਸਮੱਸਿਆ ਦੇ ਹੱਲ ਨਾਲ ਜੁੜਿਆ ਹੋਇਆ ਹੈ।

ਗੁਰਨੂਰ ਦੀ ਖੋਜ ਦਾ ਮੁੱਖ ਕੇਂਦਰ ਪਲਸ ਆਕਸੀਮੀਟਰਾਂ ਵਿੱਚ ਮੌਜੂਦ ਉਸ ਤਕਨੀਕੀ ਕਮੀ ਨੂੰ ਦੂਰ ਕਰਨਾ ਹੈ, ਜਿਸ ਕਾਰਨ ਗੂੜ੍ਹੇ ਜਾਂ ਸਾਂਵਲੇ ਰੰਗ ਦੀ ਚਮੜੀ ਵਾਲੇ ਲੋਕਾਂ ਵਿੱਚ ਖ਼ੂਨ ਦੇ ਆਕਸੀਜਨ ਪੱਧਰ ਦੀ ਮਾਪ ਸਹੀ ਨਹੀਂ ਆਉਂਦੀ ਸੀ। ਵਿਗਿਆਨੀਆਂ ਅਤੇ ਮੇਲੇ ਦੇ ਜੱਜਾਂ ਮੁਤਾਬਕ ਖ਼ੂਨ ਵਿੱਚ ਆਕਸੀਜਨ ਦੀ ਮਾਤਰਾ ਮਾਪਣ ਵਾਲੇ ਸੈਂਸਰ ਨਾਲ ਜੁੜੀ ਇਹ ਸਮੱਸਿਆ ਪਿਛਲੇ ਸਾਢੇ 3 ਦਹਾਕਿਆਂ (35 ਸਾਲਾਂ) ਤੋਂ ਮੌਜੂਦ ਸੀ, ਜਿਸ ਨਾਲ ਮਰੀਜ਼ਾਂ ਦੇ ਇਲਾਜ ਅਤੇ ਨਤੀਜਿਆਂ 'ਤੇ ਮਾਰੂ ਅਸਰ ਪੈਂਦਾ ਆ ਰਿਹਾ ਸੀ। ਗੁਰਨੂਰ ਦੀ ਖੋਜ ਨੇ ਹੁਣ ਇਸ ਖ਼ਾਮੀ ਨੂੰ ਜੜ੍ਹੋਂ ਖ਼ਤਮ ਕਰਨ ਦਾ ਰਾਹ ਦਿਖਾਇਆ ਹੈ।

ਗੁਰਨੂਰ ਨੇ ਦੱਸਿਆ ਕਿ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਸੀ ਕਿ ਇਹ ਸਮੱਸਿਆ ਸਿਰਫ਼ ਗੂੜ੍ਹੇ ਰੰਗ ਦੇ ਲੋਕਾਂ ਦੇ ਡਾਟਾ ਦੀ ਘਾਟ ਕਾਰਨ ਪੈਦਾ ਹੁੰਦੀ ਹੈ। ਪਰ ਖੋਜ ਦੌਰਾਨ ਉਸ ਨੇ ਪਾਇਆ ਕਿ ਮੌਜੂਦਾ ਕਾਰਡਿਅਕ ਮਾਡਲਾਂ ਵਿੱਚ ਇੱਕ ਗਣਿਤਕ ਖ਼ਾਮੀ ਵੀ ਮੌਜੂਦ ਹੈ, ਜੋ ਇਸ ਗ਼ਲਤੀ ਦਾ ਇੱਕ ਵੱਡਾ ਕਾਰਨ ਬਣਦੀ ਹੈ। ਉਸ ਨੇ ਇਸ ਮਾਡਲ ਵਿੱਚ ਲੋੜੀਂਦੇ ਸੁਧਾਰ ਕਰ ਕੇ ਇੱਕ ਅਜਿਹਾ ਵਿਗਿਆਨਕ ਹੱਲ ਪੇਸ਼ ਕੀਤਾ, ਜਿਸ ਨਾਲ ਵੱਖ-ਵੱਖ ਨਸਲਾਂ ਅਤੇ ਵਰਗਾਂ ਦੇ ਮਰੀਜ਼ਾਂ ਲਈ ਆਕਸੀਜਨ ਮਾਪਣ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਸਹੀ ਅਤੇ ਨਿਰਪੱਖ ਬਣ ਸਕਦੀ ਹੈ।

ਲੁਧਿਆਣਾ ਦੇ ਆਰਾਧਿਆ ਸ਼ੁੱਕਲਾ ਨੂੰ ਭਾਰਤੀ ਟੀਮ 'ਚ ਮਿਲੀ ਜਗ੍ਹਾ;



ਅਫ਼ਗਾਨਿਸਤਾਨ ਟੈਸਟ ਲਈ ਬਣੇ ਨੈੱਟ ਪਹਿਲਾਂ ਵੀ ਬਣਾਇਆ ਹੈ ਏ.ਆਈ.-ਆਧਾਰਤ ਸਿਸਟਮ

ਇਸ ਤੋਂ ਪਹਿਲਾਂ ਵੀ ਗੁਰਨੂਰ ਨੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਹੋਣ ਵਾਲੇ ਡਿਲੀਰੀਅਮ- ਦਿਮਾਗੀ ਉਲਝਣ) ਦੀ ਪਛਾਣ ਕਰਨ ਲਈ ਇੱਕ ਏ.ਆਈ.-ਆਧਾਰਤ ਸਿਸਟਮ ਤਿਆਰ ਕੀਤਾ ਸੀ। ਇਹ ਸਿਸਟਮ ਕੈਮਰਿਆਂ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਬਿਨਾਂ ਕਿਸੇ ਸਰੀਰਕ ਸੰਪਰਕ ਦੇ ਮਰੀਜ਼ਾਂ ਦੀਆਂ ਭਾਵਨਾਵਾਂ, ਚਿਹਰੇ ਦੇ ਸੂਖ਼ਮ ਹਾਵ-ਭਾਵਾਂ, ਦਿਲ ਦੀ ਧੜਕਣ ਅਤੇ ਸਾਹ ਲੈਣ ਦੀ ਗਤੀ ਦੀ ਨਿਗਰਾਨੀ ਕਰ ਸਕਦਾ ਹੈ। ਇਸ ਨਾਲ ਹਸਪਤਾਲਾਂ ਵਿੱਚ ਭਾਰੀ-ਭਰਕਮ ਸੈਂਸਰਾਂ ਦੀ ਲੋੜ ਘੱਟ ਜਾਂਦੀ ਹੈ। ਇਸ ਡਿਵਾਈਸ ਵਿੱਚ ਇੱਕ ਚੈਟਬੋਟ ਵੀ ਸ਼ਾਮਲ ਹੈ ਜੋ ਮਰੀਜ਼ਾਂ ਨੂੰ ਮਾਨਸਿਕ ਤੌਰ 'ਤੇ ਸਚੇਤ ਰੱਖਦਾ ਹੈ, ਜਿਸ ਨਾਲ ਡਿਲੀਰੀਅਮ ਦਾ ਖ਼ਤਰਾ 50 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ।

ਗੁਰਨੂਰ ਨੇ ਦੱਸਿਆ ਕਿ ਪਲਸ ਆਕਸੀਮੀਟਰ 'ਤ ਕੀਤੀ ਗਈ ਉਸ ਦੀ ਮੌਜੂਦਾ ਖੋਜ ਵੀ ਇਸੇ ਪ੍ਰੋਜੈਕਟ ਦਾ ਹਿੱਸਾ ਹੈ, ਕਿਉਂਕਿ ਉਸ ਨੇ ਮਰੀਜ਼ਾਂ ਦੀ ਸਰੀਰਕ ਨਿਗਰਾਨੀ ਵਾਲੀਆਂ ਪ੍ਰਣਾਲੀਆਂ ਵਿੱਚ ਚਮੜੀ ਦੇ ਰੰਗ ਦੇ ਆਧਾਰ 'ਤੇ ਹੁੰਦਾ ਪੱਖਪਾਤ ਦੇਖਿਆ ਸੀ, ਜਿੱਥੇ ਹਲਕੇ ਰੰਗ ਦੀ ਚਮੜੀ ਵਾਲਿਆਂ ਦੇ ਮੁਕਾਬਲੇ ਗੂੜ੍ਹੇ ਰੰਗ ਦੀ ਚਮੜੀ ਵਾਲੇ ਮਰੀਜ਼ਾਂ ਲਈ ਗ਼ਲਤੀ ਦੀ ਦਰ ਕਾਫ਼ੀ ਵੱਧ ਹੁੰਦੀ ਸੀ।

ਗੁਰਨੂਰ ਕੌਰ ਦਾ ਕਹਿਣਾ ਹੈ ਕਿ ਉਹ ਭਵਿੱਖ ਵਿੱਚ ਮੈਡੀਸਨ ਅਤੇ ਕੰਪਿਊਟੇਸ਼ਨਲ ਬਾਇਓਫ਼ਿਜ਼ਿਕਸ ਦੇ ਖੇਤਰ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੀ ਹੈ। ਉਸ ਦਾ ਮੁੱਖ ਟੀਚਾ ਅਜਿਹੀਆਂ ਸਿਹਤ ਤਕਨੀਕਾਂ ਵਿਕਸਿਤ ਕਰਨਾ ਹੈ ਜੋ ਹਰ ਵਰਗ ਦੇ ਲੋਕਾਂ ਲਈ ਬਰਾਬਰ ਅਤੇ ਨਿਰਪੱਖ ਸਿਹਤ ਸੇਵਾਵਾਂ ਯਕੀਨੀ ਬਣਾ ਸਕਣ। ਕੈਨੇਡਾ ਦੇ ਇਸ ਸਭ ਤੋਂ ਵੱਡੇ ਯੁਵਾ ਵਿਗਿਆਨਕ ਮੁਕਾਬਲੇ ਵਿੱਚ ਇਹ ਵਕਾਰੀ ਸਨਮਾਨ ਜਿੱਤਣਾ ਜਿੱਥੇ ਗੁਰਨੂਰ ਦੀ ਵਿਗਿਆਨਕ ਯੋਗਤਾ ਦਾ ਪ੍ਰਮਾਣ ਹੈ, ਉੱਥੇ ਹੀ ਉਸ ਦੀ ਇਹ ਉਪਲਬਧੀ ਪੂਰੇ ਪੰਜਾਬੀ ਭਾਈਚਾਰੇ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ।